ਉੱਤਰ:- (d) $\frac{1}{2}$

**ਪ੍ਰ:6** ਤਾਸ਼ ਦੀ ਗੁੱਟੀ ਵਿੱਚ ਕਿੰਨੇ ਪੱਤੇ ਹੁੰਦੇ ਹਨ।

(a) 13 (b) 26

(c) 52 (d) 39

ਉੱਤਰ:-(c) 52

**ਪ੍ਰ:7** ਤਾਸ਼ ਦੀ ਗੁੱਟੀ ਵਿੱਚ ਕਾਲੇ ਪੱਤਿਆਂ ਦੀ ਸੰਖਿਆਂ ।

(a) 4 (b) 8

(c) 13 (d) 26

ਉੱਤਰ:–(d) 26

**ਪ੍ਰ:8** ਤਾਸ਼ ਦੀ ਗੁੱਟੀ ਵਿੱਚ ਲਾਲ ਪੱਤਿਆਂ ਦੀ ਸੰਖਿਆਂ

(a) 4 (b) 8

(c) 12 (d) 26

ਉੱਤਰ:–(d) 26

**ਪ੍ਰ:9** ਤਾਸ਼ ਦੀ ਗੁੱਟੀ ਵਿੱਚ ਚਿੱਤਰ ਪੱਤਿਆਂ ਦੀ ਸੰਖਿਆਂ

(a) 12 (b) 16

(c) 26 (d) 52

ਉੱਤਰ:– (a) 12

**ਪ੍ਰ:10** ਕਿਸੇ ਪਾਸੇ ਨੂੰ ਇੱਕ ਵਾਰ ਸੁੱਟਣ ਦੇ ਭਾਜ ਸੰਖਿਆ ਆਉਣ ਦੀ ਸੰਭਾਵਨਾ

(a) $\frac{2}{3}$ (b) $\frac{1}{3}$

(c) $\frac{1}{2}$ (d) $\frac{1}{6}$

ਉੱਤਰ:– (c) $\frac{1}{2}$

**ਪ੍ਰ:11** ਜੇਕਰ ਦੋ ਪਾਸੇ ਇਕੱਠੇ ਸੁੱਟੇ ਜਾਣ ਤਾਂ ਦੱਸੋ ਪਾਸਿਆਂ ਤੇ ਇੱਕੋ ਅੰਕ ਆਉਣ ਦੀ ਸੰਭਾਵਨਾ

(a) $\frac{1}{2}$ (b) $\frac{1}{3}$

(c) $\frac{1}{6}$ (d) $\frac{1}{12}$

ਉੱਤਰ:– (c) $\frac{1}{6}$

**ਪ੍ਰ:12** 1,2,3,4,5,6,7,8,9 ਵਿੱਚੋਂ ਟਾਂਕ ਸੰਖਿਆ ਦੀ ਸੰਭਾਵਨਾ

(a) $\frac{4}{9}$ (b) $\frac{5}{9}$

(c) $\frac{1}{9}$ (d) $\frac{2}{3}$

ਉੱਤਰ:–(b) $\frac{5}{9}$

**ਪ੍ਰ:13** ਮੂਲ ਬਿੰਦੂ ਦੇ ਨਿਰਦੇਸ਼ ਅੰਕ ਕੀ ਹਨ

(a) (1,1) (b) (0,0)

(c) (1,0) (d) (0,1)

ਉੱਤਰ:–(b) (0,0)

## ਖਾਲੀ ਥਾਵਾਂ ਭਰੋ ਨਾਲ ਸਬੰਧਿਤ ਪ੍ਰਸ਼ਨ

ਅਧਿਆਇ–13

**ਪ੍ਰ:1** ਅਰਧ ਵਿਆਸ $r$ ਵਾਲੇ ਚਕੱਰ ਦਾ ਘੇਰਾ-- ਹੋਵੇਗਾ।

(a) $\pi r^2$ (b) $2\pi r$

(c) $4\pi r^2$ (d) $3\pi r$

ਉੱਤਰ:–(b) $2\pi r$

**ਪ੍ਰ:2** ਅਰਧ ਵਿਆਸ $r$ ਅਤੇ ਉਚਾਈ $h$ ਵਾਲੇ ਵੇਲਨ ਦਾ ਆਇਤਨ-- ਹੋਵੇਗਾ।

(a) $2\pi rh$ (b) $2\pi r^2h$

(c) $\pi r^2h$ (d) $3\pi r^2h$

ਉੱਤਰ:–(c) $\pi r^2h$

**ਪ੍ਰ:3** ਅਰਧ ਵਿਆਸ $r$ ਅਤੇ ਉਚਾਈ $h$ ਵਾਲੇ ਸ਼ੰਕੂ ਦਾ ਆਇਤਨ-- ਹੋਵੇਗਾ।

(a) $\pi rl$ (b) $\frac{1}{3}\pi r^2h$

(c) $\pi r^2h$ (d) $2\pi r^2h$

ਉੱਤਰ:–(b) $\frac{1}{3}\pi r^2h$

**ਪ੍ਰ:4** ਅਰਧ ਵਿਆਸ $r$ ਅਤੇ ਤਿਰਛੀ ਉਚਾਈ $l$ ਵਾਲੇ ਸ਼ੰਕੂ ਦੀ ਵਕਰ ਸਤ੍ਹਾ ਦਾ ਖੇਤਰਫਲ -- ਹੋਵੇਗਾ।

(a) $\pi rl$ (b) $2\pi r^2$

(c) $\pi r^2$ (d) $3\pi r^2$

ਉੱਤਰ:–(a) $\pi rl$

**ਪ੍ਰ:5** ਅਰਧ ਵਿਆਸ $r$ ਵਾਲੇ ਗੋਲੇ ਦਾ ਆਇਤਨ------- ਹੋਵੇਗਾ।

(a) $4\pi r^2$ (b) $2\pi r^2$

(c) $\frac{4}{3}\pi r^3$ (d) $\frac{2}{3}\pi r^3$

ਉੱਤਰ:– (c) $\frac{4}{3}\pi r^3$

**ਪ੍ਰ:6** ਅਰਧ ਵਿਆਸ $r$ ਵਾਲੇ ਗੋਲੇ ਦੀ ਸਤ੍ਹਾ ਦਾ ਖੇਤਰਫਲ ------ਹੋਵੇਗਾ।

(a) $4\pi r^2$ (b) $2\pi r^2$

(c) $3\pi r^2$ (d) $\pi r^2$

ਉੱਤਰ:–(a) $4\pi r^2$

**ਪ੍ਰ:7** ਅਰਧ ਵਿਆਸ $r$ ਅਤੇ ਉਚਾਈ $h$ ਵਾਲੇ ਵੇਲਨ ਦੀ ਪਾਸਵੀਂ ਸਤ੍ਹਾ ਦਾ ਖੇਤਰਫਲ ------ਹੋਵੇਗਾ।

(a) $\pi rl$ (b) $2\pi rh$

(c) $\pi r^2h$ (d) $\frac{1}{3}\pi r^2h$

ਉੱਤਰ:–(b) $2\pi rh$

ਪ੍ਰ:8 ਘਣਾਵ ਜਿਸਦੀ ਲੰਬਾਈ, ਚੌੜਾਈ ਅਤੇ ਉੱਚਾਈ ਕ੍ਰਮਵਾਰ $l, b$ ਅਤੇ $h$ ਹੈ ਦਾ ਆਇਤਨ----ਹੋਵੇਗਾ।

(a) $lbh$ (b) $2(l+b)\times h$

(c) $2\ (lb+bh+hl)$ (d) $\sqrt{l^2+b^2+h^2}$

ਉੱਤਰ:- (a) $lbh$

ਪ੍ਰ:9 ਘਣਾਵ ਜਿਸਦੀ ਲੰਬਾਈ, ਚੌੜਾਈ ਅਤੇ ਉੱਚਾਈ ਕ੍ਰਮਵਾਰ $l, b$ ਅਤੇ $h$ ਹੈ ਦੀ ਪਾਸਵੀ ਸਤਾ ਦਾ ਖੇਤਰਫਲ ----ਹੋਵੇਗਾ।

(a) $lbh$ (b) $2(l+b)\times h$

(c) $2\ (lb+bh+hl)$ (d) $\sqrt{l^2+b^2+h^2}$

ਉੱਤਰ:- (b) $2(l+b)\times h$

ਪ੍ਰ:10 ਭੁਜਾ ਦੀ ਲੰਬਾਈ $a$ ਵਾਲੇ ਘਣ ਦਾ ਆਇਤਨ----ਹੋਵੇਗਾ।

(a) $a\times a\times a$ (b) $4\times a\times a$

(c) $6\times a\times a$ (d) $a^2$

ਉੱਤਰ:-(a) $a\times a\times a$

ਪ੍ਰ:11 ਭੁਜਾ ਦੀ ਲੰਬਾਈ $a$ ਵਾਲੇ ਘਣ ਦੀ ਕੁੱਲ ਸਤ੍ਹਾ ਦਾ ਖੇਤਰਫਲ----ਹੋਵੇਗਾ।

(a) $a\times a\times a$ (b) $4\times a\times a$

(c) $6\times a\times a$ (d) $a^2$

ਉੱਤਰ:-(c) $6\times a\times a$

ਪ੍ਰ:12 ਸ਼ੰਕੂ ਦੇ ਛਿੰਨਕ ਦਾ ਆਇਤਨ------ਹੋਵੇਗਾ।

(a) $\frac{1}{3}\pi r_1^2 h$ (b) $\frac{1}{3}\pi r_2^2 h$

(c) $\frac{1}{3}\pi(r_1^2+r_2^2+r_1r_2)h$ (d) $\pi r_1^2 h$

ਉੱਤਰ:-(c) $\frac{1}{3}\pi(r_1^2+r_2^2+r_1r_2)h$

ਪ੍ਰ:13 ਸੰਕੂ ਦੇ ਛਿੰਨਕ ਦੀ ਵਕਰ ਸਤ੍ਹਾ ਦਾ ਖੇਤਰਫਲ------ਹੁੰਦਾ ਹੈ।

(a) $\pi r_1 l$ (b) $\pi r_2 l$

(c) $\pi(r_1+r_2)l$ (d) $2\pi r_1 l$

ਉੱਤਰ:- (c) $\pi(r_1+r_2)l$

ਪ੍ਰ:14 ਦੋ ਠੋਸਾਂ ਦੇ ਸੰਯੋਜਨ ਨਾਲ ਬਣੇ ਠੋਸ ਦਾ ਆਇਤਨ ਦੋਨਾਂ ਠੋਸਾਂ ਦੇ ਆਇਤਨ ਦੇ ----- ਦੇ ਬਰਾਬਰ ਹੁੰਦਾ ਹੈ।

(a) ਜੋੜ (b) ਘਟਾਉ

(c) ਗੁਣਨਫਲਾ (d) ਭਾਗ

ਉੱਤਰ:-(a) ਜੋੜ

ਪ੍ਰ:15 ਯੁਕਲਿੰਡ ਵੰਡ ਐਲਗੋਰਿਥਮ ਦੀ ਵਰਤੋਂ ਸੰਖਿਆਵਾਂ ਦਾ------ ਪਤਾ ਕਰਨ ਲਈ ਕੀਤੀ ਜਾਂਦੀ ਹੈ।

(a) $L.C.M$ (ਲ. ਸ. ਵ) (b) $H.C.F$ (ਮ. ਸ. ਵ)

(c) ਅਭਾਜ ਗੁਣਨਖੰਡ (d) ਗੁਣਨਖੰਡ

ਉੱਤਰ:–(b) $H.C.F$ (ਮ. ਸ. ਵ)

## ਅਧਿਆਇ–1

**ਪ੍ਰ:16** ਸੰਖਿਆ 15 ਦੇ ਅਭਾਜ ਗੁਣਨਖੰਡ------ਹਨ।

(a) $3 \times 2$ (b) $3 \times 3$

(c) $3 \times 5$ (d) $3 \times 4$

ਉੱਤਰ:–(c) $3 \times 5$

**ਪ੍ਰ:17** 12 ਅਤੇ 15 ਦਾ $H.C.F$ (ਮ. ਸ. ਵ) ----ਹੈ।

(a) 5 (b) 3

(c) 4 (d) 1

ਉੱਤਰ:–(b) 3

**ਪ੍ਰ:18** $\sqrt{5}$ ਇੱਕ---- ਸੰਖਿਆ ਹੈ।

(a) ਅਪਰਿਮੇਯ ਸੰਖਿਆ (b) ਪਰਿਮੇਯ ਸੰਖਿਆ

(c) ਅਭਾਜ ਸੰਖਿਆ (d) ਪੂਰਨ ਸੰਖਿਆ

ਉੱਤਰ:–(a) ਅਪਰਿਮੇਯ ਸੰਖਿਆ

**ਪ੍ਰ:19** ਸੰਖਿਆ 3 ਇੱਕ ---- ਸੰਖਿਆ ਹੈ।

(a) ਅਪਰਿਮੇਯ ਸੰਖਿਆ (b) ਪੂਰਨ ਵਰਗ ਸੰਖਿਆ

(c) ਪਰਿਮੇਯ ਸੰਖਿਆ (d) ਸਭ ਤੋਂ ਛੋਟੀ ਅਭਾਜ

ਉੱਤਰ:– (c) ਪਰਿਮੇਯ ਸੰਖਿਆ

**ਪ੍ਰ:20** ਦੋ ਸੰਖਿਆ ਦੇ ਗੁਣਨਫਲ $= --\rightarrow$ ਮੁਕੰਮਲ ਕਰੋ

(a) $HCF \times HCF$ (b) $HCF \times LCM$

(c) $LCM \times LCM$ (d) $HCF \times 1$

ਉੱਤਰ:– (b) $HCF \times LCM$

**ਪ੍ਰ:21** ਸੰਖਿਆ 0.3 ਦਾ ਪਰਿਮੇਯ ਰੂਪ---ਹੈ।

(a) $\frac{3}{10}$ (b) $\frac{3}{100}$

(c) $\frac{30}{10}$ (d) $\frac{3}{1000}$

ਉੱਤਰ:–(a) $\frac{3}{10}$

**ਪ੍ਰ:22** ਪਰਿਮੇਯ ਸੰਖਿਆ $x = \frac{p}{q}$ ਵਿੱਚ $q$ ਦੇ ਅਭਾਜ ਗੁਣਨਖੰਡ --- ਰੂਪ ਵਿੱਚ ਹਨ ਤਾਂ $x$ ਦਾ ਦਸ਼ਮਲਵ ਰੂਪ ਸ਼ਾਤ ਹੁੰਦਾ ਹੈ।

(a) $2^n 3^m$ (b) $2^n 7^m$

(c) $2^n.5^m$ (d) $3^m \times 5^n$

ਉੱਤਰ:- (c) $2^n.5^m$

**ਪ੍ਰ:23** ਪਰਿਮੇਯ ਸੰਖਿਆ $\frac{17}{8}$ ਦਾ ਦਸ਼ਵਲਵ ਰੂਪ---ਹੋਵੇਗਾ।

(a) ਸ਼ਾਤ (b) ਅਸ਼ਾਤ

(c) ਅਪਰਿਭਾਸ਼ਿਤ (d) ਪਰਿਭਾਸ਼ਿਤ ਨਹੀਂ

ਉੱਤਰ:- (a) ਸ਼ਾਤ

**ਪ੍ਰ:24** ਜੇ ਪਰਿਮੇਯ ਸੰਖਿਆ $x = \frac{p}{q}$ ਵਿੱਚ $q$ ਦੇ ਅਭਾਜ ਗੁਣਨਖੰਡ $2^n.5^m$, ਦੇ ਰੂਪ ਦੇ ਨਹੀਂ ਹੈ ਤਾਂ $x$ ਦਾ ਦਸ਼ਵਲਵ ਵਿਸਤਾਰ------ ਆਵਰਤੀ ਹੋਵੇਗਾ।

(a) ਸ਼ਾਤ (b) ਅਸ਼ਾਤ

(c) ਅਪਰਿਭਾਸ਼ਿਤ (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- (b) ਅਸ਼ਾਤ

**ਪ੍ਰ:25** ਸੰਖਿਆ $7 \times 11 \times 13 + 13$ ਇੱਕ

(a) ਭਾਜ ਸੰਖਿਆਂ (b) ਅਭਾਜ ਸੰਖਿਆ

(c) ਪੂਰਨ ਵਰਗ ਸੰਖਿਆ (d) ਵਰਗ ਸੰਖਿਆ

ਉੱਤਰ:- (a) ਭਾਜ ਸੰਖਿਆਂ

**ਪ੍ਰ:26** ਹੇਠ ਦਿੱਤੀਆ ਵਿੱਚੋਂ ਦੋ ਘਾਤੀ ਬਹੁਪਦ------ਹੈ।

(a) $ax + b, a \neq 0$ (b) $ax^2 + bx + c, a \neq 0$

(c) $ax^3 + bx^2 + cx + d, a \neq 0$ (d) $ax$

ਉੱਤਰ:- (b) $ax^2 + bx + c, a \neq 0$

**ਪ੍ਰ:27** ਦੋ ਘਾਤੀ ਬਹੁਪਦ ਦੇ ਵੱਧ ਤੋਂ ਵੱਧ......ਸਿਫ਼ਰ ਹੋ ਸਕਦੇ ਹਨ।

(a) 2 (b) 1

(c) 3 (d) 4

ਉੱਤਰ:- (a) 2

ਅਧਿਆਇ-2

**ਪ੍ਰ:28** ਦੋ ਘਾਤੀ ਬਹੁਪਦ ਦੇ ਸਿਫ਼ਰਾ ਦਾ ਜੋੜਫਲ $= -\frac{\cdots}{a}$ ਹੁੰਦਾ ਹੈ।

(a) $c$ (b) $a$

(c) $b$ (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- (c) $b$

**ਪ੍ਰ:29** ਦੋ ਘਾਤੀ ਬਹੁਪਦ ਦੇ ਗੁਣਨਫਲ $= \frac{\cdots}{a}$ ਹੁੰਦਾ ਹੈ।

(a) $c$ (b) $a$

(c) $b$ (d) 1

ਉੱਤਰ:- (a) $c$

**ਪ੍ਰ:30** ਦੋ ਘਾਤੀ ਬਹੁਪਦ ਵਿੱਚ ਚਲ ਦੀ ਘਾਤ .......... ਹੁੰਦੀ ਹੈ।

(a) ਇੱਕ (b) ਦੋ

(c) ਤਿੰਨ (d) ਚਾਰ

ਉੱਤਰ:– (b) ਦੋ

**ਪ੍ਰ:31** ਦਿੱਤੇ ਆਲੇਖ ਵਿੱਚ ਬਹੁਪਦ $y = p\,(x)$ ਦੇ ਸਿਫ਼ਰਾ ਦੀ ਗਿਣਤੀ____ ਹੈ।




(a) 1 (b) 2

(c) 3 (d) 4

ਉੱਤਰ:– (b) 2




**ਪ੍ਰ:32** ਦਿੱਤੇ ਆਲੇਖ ਵਿੱਚ ਬਹੁਪਦ $y = p\,(x)$ ਦੇ ਸਿਫ਼ਰਾ ਦੀ ਗਿਣਤ ____ਹੈ।

(a) 2 (b) 3

(c) 4 (d) 1

ਉੱਤਰ:–(c) 4

**ਪ੍ਰ:33** ਦਿੱਤੇ ਆਲੇਖ ਵਿੱਚ ਬਹੁਪਦ $y = p\,(x)$ ਦੇ ਸਿਫ਼ਰਾ ਦੀ ਗਿਣਤੀ____ਹੈ।




(a) 1 (b) 2

(c) 3 (d) 4

ਉੱਤਰ:–(b) 2

**ਪ੍ਰ:34** ਆਲੇਖ ਵਿੱਚ ਬਹੁਪਦ $y = p\,(x)$ ਦੇ ਸਿਫ਼ਰਾ ਦੀ ਗਿਣਤੀ____ਹੈ।




(a) 1 (b) 2

(c) 0 (d) 3

ਉੱਤਰ:–(c) 0

**ਪ੍ਰ:35** ਸਮੀਕਰਣ $x\,(2x + 3) = x^2 + 1$ ਇੱਕ ____ਹੈ।

(a) ਰੇਖੀ ਸਮੀਕਰਣ (b) ਦੋ ਘਾਤੀ ਸਮੀਕਰਣ

(c) ਤਿੰਨ ਘਾਤੀ ਸਮੀਕਰਣ (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:–(b) ਦੋ ਘਾਤੀ ਸਮੀਕਰਣ

**ਪ੍ਰ:36** ਦੋ ਘਾਤੀ ਸਮੀਕਰਨ $ax^2 + bx + c = 0$ ਦੇ ਡਿਸਕ੍ਰਿਮੀਨੈਂਟ ਦਾ ਫਾਰਮੂਲਾ $D = (b)^2 -$ ____ ਹੈ।

(a) $2ac$ (b) $3ac$

(c) $4ac$ (d) $ac$

ਉੱਤਰ:-(c) $4ac$

**ਪ੍ਰ:37** ਦੋ ਘਾਤੀ ਸਮੀਕਰਨ $ax^2 + bx + c = 0$ ਜਿਸਦਾ ਡਿਸਕ੍ਰਿਮੀਨੈਂਟ $D$ ਹੈ, ਦੇ ਦੋ ਭਿੰਨ-ਭਿੰਨ ਵਾਸਤਵਿਕ ਮੂਲ ਹੋਣਗੇ ਜੇਕਰ-

(a) $D > 0$ (b) $D < 0$
(c) $D = 0$ (d) $D = 1$

ਉੱਤਰ:-(a) $D > 0$

ਅਧਿਆਇ-4

**ਪ੍ਰ:38** ਦੋ ਘਾਤੀ ਸਮੀਕਰਨ $ax^2 + bx + c = 0$ ਜਿਸਦਾ ਡਿਸਕ੍ਰਿਮੀਨੈਂਟ $D$ ਹੈ, ਦੇ ਦੋ ਬਰਾਬਰ ਵਾਸਤਵਿਕ ਮੂਲ ਹੋਣਗੇ ਜੇਕਰ-

(a) $D > 0$ (b) $D < 0$
(c) $D = 0$ (d) $D = 2$

ਉੱਤਰ:-(c) $D = 0$

**ਪ੍ਰ:39** ਦੋ ਘਾਤੀ ਸਮੀਕਰਨ ਜਿਸਦਾ ਡਿਸਕ੍ਰਿਮੀਨੈਂਟ $D$ ਹੈ, ਦੇ ਮੂਲ ਸੰਭਵ ਨਹੀਂ ਹਨ ਜੇਕਰ-

(a) $D > 0$ (b) $D < 0$
(c) $D = 0$ (d) $D = -1$

ਉੱਤਰ:-(b) $D < 0$

**ਪ੍ਰ:40** ਦੋ ਘਾਤੀ ਸਮੀਕਰਨ ਦੇ ਮੂਲ ਪਤਾ ਕਰਨ ਲਈ ਦੋ ਘਾਤੀ ਫਾਰਮੂਲਾ $\frac{____ \pm \sqrt{b^2 - 4ac}}{2a}$ ਹੈ-

(a) $-b$ (b) $b$
(c) $a$ (d) $-a$

ਉੱਤਰ:-(a) $-b$

**ਪ੍ਰ:41** ਅਰਧ ਵਿਆਸ $r$ ਵਾਲੇ ਚੱਕਰ ਦੇ ਇੱਕ ਅਰਧਵਿਆਸੀ ਖੰਡ, ਜਿਸਦਾ ਕੋਣ $\theta$ ਹੈ, ਦੇ ਸੰਗਤ ਚਾਪ ਦੀ ਲੰਬਾਈ ------ਹੋਵੇਗੀ?

(a) $\frac{\theta}{360}(\pi r)$ (b) $\frac{\theta}{360}(2\pi r)$
(c) $\frac{\theta}{360}(\pi r^2)$ (d) $\frac{(2\pi r^2)\,\theta}{360}$

ਉੱਤਰ:-(b) $\frac{\theta}{360}(2\pi r)$

**ਪ੍ਰ:42** ਅਰਧ ਵਿਆਸ $r$ ਵਾਲੇ ਚੱਕਰ ਦੇ ਇੱਕ ਅਰਧਵਿਆਸੀ ਖੰਡ, ਜਿਸਦਾ ਕੋਣ $\theta$ ਹੈ, ਦਾ ਖੇਤਰਫਲ ------ਹੋਵੇਗੀ?

(a) $\frac{\theta}{720}(\pi r^2)$ (b) $\frac{\theta}{360}(2\pi r^2)$
(c) $\frac{\theta}{360}(\pi r^2)$ (d) $\frac{3\pi r^2\theta}{360}$

ਉੱਤਰ:-(c) $\frac{\theta}{360}(\pi r^2)$

**ਪ੍ਰ:43** ਜੇਕਰ ਇੱਕ ਚੱਕਰ ਦਾ ਪਰਿਮਾਪ ਅਤੇ ਖੇਤਰਫਲ ਸੰਖਿਆਤਮਕ ਰੂਪ ਵਿੱਚ ਬਰਾਬਰ ਹੈ ਤਾਂ ਉਸ ਚੱਕਰ ਦਾ ਅਰਧ ਵਿਆਸ------ਹੈ?

(a) 2 ਇਕਾਈਆਂ (b) $\pi$ ਇਕਾਈਆਂ

(c) 4 ਇਕਾਈਆਂ (d) 5 ਇਕਾਈਆਂ

ਉੱਤਰ:-(a) 2 ਇਕਾਈਆਂ

ਅਧਿਆਇ-12

**ਪ੍ਰ:44** $\pi = \frac{\text{ਚੱਕਰ ਦਾ ਘੇਰਾ}}{\text{ਚੱਕਰ ਦਾ } \square}$

(a) ਆਇਤਨ (b) ਵਿਆਸ

(c) ਖੇਤਰਫਲ (d) ਅਰਧ ਵਿਆਸ

ਉੱਤਰ:-(b) ਵਿਆਸ

**ਪ੍ਰ:45** ਦੀਰਘ ਅਰਧ ਵਿਆਸੀ ਖੰਡ ਦਾ ਖੇਤਰਫਲ = $\pi r^2 - \square$

(a) ਅਰਧ ਵਿਆਸ (b) ਵਿਆਸ

(c) ਲਘੂ ਅਰਧ ਵਿਆਸੀ ਖੰਡ ਦਾ ਖੇਤਰਫਲ (d) ਲਘੂ ਚੱਕਰ ਖੰਡ ਦਾ ਖੇਤਰਫਲ

ਉੱਤਰ:-(c) ਲਘੂ ਅਰਧ ਵਿਆਸੀ ਖੰਡ ਦਾ ਖੇਤਰਫਲ

**ਪ੍ਰ:46** ਘੜੀ ਦੀ ਮਿੰਟਾਂ ਵਾਲੀ ਸੂਈ 1 ਮਿੰਟ ਵਿੱਚ ------ ਦਾ ਕੋਣ ਬਣਾਉਂਦੀ ਹੈ?

(a) 5° (b) 60°

(c) 6° (d) 50°

ਉੱਤਰ:-(c) 6°

**ਪ੍ਰ:47** ਚਕੱਰਖੰਡ ਦਾ ਖੇਤਰਫਲ= ਸੰਗਤ ਅਰਧ ਵਿਆਸੀ ਖੰਡ ਦਾ ਖੇਤਰਫਲ-ਸੰਗਤ---- ਦਾ ਖੇਤਰਫਲ ਹੈ?

(a) ਚੱਕਰ (b) ਤ੍ਰਿਭੁਜ

(c) ਅਰਧ ਵਿਆਸ (d) ਵਿਆਸ

ਉੱਤਰ:-(b) ਤ੍ਰਿਭੁਜ

**ਪ੍ਰ:48** AP ਦਾ $n$ ਵਾਂ ਪਦਾ ਦਾ ਸੂਤਰ $an = a + (\quad)d$

(a) $n$ (b) $n - 1$

(c) $n + 1$ (d) $n^2$

ਉੱਤਰ:-(b) $n - 1$

**ਪ੍ਰ:49** ਖਾਲੀ ਥਾਂ ਭਰੋ: AP, 18, 13, ----,3

(a) 8 (b) $-5$

(c) 10 (d) 15

ਉੱਤਰ:-(a) 8

**ਪ੍ਰ:50** AP, 2, 4, 6, 8 ----- ਦਾ ਸਾਝਾਂ ਅੰਤਰ -----ਹੈ।

(a) 2 (b) 4

(c) $-2$ (d) 1

ਉੱਤਰ:-(a) 2

## ਅਧਿਆਇ-5

ਪ੍ਰ:51 AP, 2, 7, 12 ਦਾ ਪਹਿਲਾ ਪਦ ਅਤੇ ਸਾਝਾਂ ਅੰਤਰ ----, -------ਹੈ।

(a) 2, 5 (b) 2, 7
(c) 2, −5 (d) −2, −5

ਉੱਤਰ:-(a) 2, 5

ਪ੍ਰ:52 AP, ਦੇ $n$ ਪਦਾਂ ਦਾ ਜੋੜਫਲ ਜਿਸ ਦਾ ਪਹਿਲਾ ਪਦ $a$ ਅਤੇ ਸਾਝਾਂ ਅੰਤਰ $d$ ਹੈ, $\frac{n}{2}[____ + (n-1)\, d]$ ਹੈ।

(a) $a$ (b) 3 $a$
(c) 2 $a$ (d) 4 $a$

ਉੱਤਰ:-(c) 2 $a$

ਪ੍ਰ:53 ਜੇਕਰ AP ਦਾ ਅੰਤਿਮ ਪਦ $l$ ਹੈ, ਤਾਂ ਇਸ AP ਦੇ ਸਾਰੇ ਪਦਾਂ ਦਾ ਜੋੜ $S = \frac{n}{2}(______)$ ਹੈ।

(a) $a + d$ (b) $a + l$
(c) $a + (n-1)\, l$ (d) $a + nl$

ਉੱਤਰ:-(b) $a + l$

ਪ੍ਰ:54 ਸਮੀਕਰਨ $a_1 x + b_1 y + c_1 = 0$ , $a_2 x + b_2 y + c_2 = 0$ ------ ਕਹਾਉਂਦੇ ਹਨ।

(a) ਦੋ ਘਾਤੀ ਸਮੀਕਰਨਾਂ ਦੇ ਜੋੜੇ (b) ਰੇਖੀ ਸਮੀਕਰਨਾਂ ਦੇ ਜੋੜੇ

(c) ਤਿੰਨ ਘਾਤੀ ਸਮੀਕਰਨਾਂ ਦੇ ਜੋੜੇ (d) ਚਾਰ ਘਾਤੀ ਸਮੀਕਰਨਾਂ ਦੇ ਜੋੜੇ

ਉੱਤਰ:-(b) ਰੇਖੀ ਸਮੀਕਰਨਾਂ ਦੇ ਜੋੜਾ

ਪ੍ਰ:55 ਰੇਖੀ ਸਮੀਕਰਨਾਂ ਦੀ ਜੋੜਿਆਂ $a_1 x + b_1 y + c_1 = 0$ , $a_2 x + b_2 y + c_2 = 0$ ਦੇ ਗੁਣਾਕਾਂ ਵਿੱਚ ਸੰਬੰਧ $\frac{a_1}{a_2} \neq \frac{b_1}{b_2}$ ----- ਸਥਿਤੀ ਦਰਸਾਉਂਦਾ ਹੈ।

(a) ਕਾਟਵੀਆਂ ਰੇਖਾਵਾਂ ਦੀ (b) ਸਮਾਂਤਰ ਰੇਖਾਵਾਂ ਦੀ

(c) ਸੰਧਾਤੀ ਰੇਖਾਵਾਂ ਦੀ (d) ਇਹਨਾਂ ਵਿੱਚੋਂ ਕੋਈ ਨਹੀਂ ਦੀ

ਉੱਤਰ:-(a) ਕਾਟਵੀਆਂ ਰੇਖਾਵਾਂ ਦੀ

ਪ੍ਰ:56 ਰੇਖੀ ਸਮੀਕਰਨਾਂ ਦੇ ਜੋੜਿਆਂ ਦੇ ਗੁਣਾਂਕਾਂ $a_1, b_1, c_1$ ਅਤੇ $a_2, b_2, c_2$ ਵਿੱਚ ਸੰਬੰਧ $\frac{a_1}{a_2} = \frac{b_1}{b_2} \neq \frac{c_1}{c_2}$ ________ਸਥਿਤੀ ਦਰਸਾਉਂਦਾ ਹੈ।

(a) ਕਾਟਵੀਆਂ ਰੇਖਾਵਾਂ (b) ਸਮਾਂਤਰ ਰੇਖਾਵਾਂ

(c) ਸੰਪਾਤੀ ਰੇਖਾਵਾਂ (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:–(b) ਸਮਾਂਤਰ ਰੇਖਾਵਾਂ

## ਅਧਿਆਇ–3

**ਪ੍ਰ:57** ਰੇਖੀ ਸਮੀਕਰਨਾਂ ਦੇ ਜੋੜਿਆਂ ਦੇ ਗੁਣਾਂਕਾਂ $a_1,\ b_1,\ c_1$ ਅਤੇ $a_2,\ b_2,\ c_2$ ਵਿੱਚ ਸੰਬੰਧ $\frac{a_1}{a_2} = \frac{b_1}{b_2} = \frac{c_1}{c_2}$ ________ ਸਥਿਤੀ ਦਰਸਾਉਂਦਾ ਹੈ।

(a) ਕਾਟਵੀਆਂ ਰੇਖਾਵਾਂ (b) ਸਮਾਂਤਰ ਰੇਖਾਵਾਂ

(c) ਸੰਪਾਤੀ ਰੇਖਾਵਾਂ (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:–(b) ਸੰਪਾਤੀ ਰੇਖਾਵਾਂ

**ਪ੍ਰ:58** ਜੇਕਰ ਰੇਖਾਵਾਂ $a_1x + b_1y + c_1 = 0$ ਅਤੇ $a_2x + b_2y + c_2 = 0$ ਸੰਪਾਤੀ ਰੇਖਾਵਾਂ ਹੋਣ ਤਾਂ ਇਸਦੇ------ ਹੱਲ ਹਨ।

(a) ਕੇਵਲ ਇੱਕ ਹੱਲ (b) ਅਨੇਕ ਹੱਲ

(c) ਕੋਈ ਹੱਲ ਨਹੀਂ (d) ਦੋ ਹੱਲ ਹੋਣਗੇ

ਉੱਤਰ:–(b) ਅਨੇਕ ਹੱਲ

**ਪ੍ਰ:59** ਰੇਖਾਵਾਂ $3x - 5y = 20,\ 6x - 10y = 40$ ਦੇ -------ਹੱਲ ਹਨ।

(a) ਅਨੇਕ ਹੱਲ (b) ਇੱਕ ਹੱਲ

(c) ਕੋਈ ਹੱਲ ਨਹੀਂ (d) ਕੇਵਲ ਦੋ ਹੱਲ

ਉੱਤਰ:–(b) ਅਨੇਕ ਹੱਲ

**ਪ੍ਰ:60** ਰੇਖਾਵਾਂ $x - 3y - 3 = 0,\ 3x - 9y - 2 = 0$ -------ਰੇਖਾਵਾਂ ਹਨ।

(a) ਕਾੱਟਵੀਆਂ ਰੇਖਾਵਾਂ (b) ਸਮਾਂਤਰ ਰੇਖਾਵਾਂ

(c) ਸੰਪਾਤੀ ਰੇਖਾਵਾਂ (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:– (b) ਸਮਾਂਤਰ ਰੇਖਾਵਾਂ

**ਪ੍ਰ:61** P ਦੇ ------ ਮੁੱਲ ਲਈ ਰੇਖਾਵਾਂ $4x + Py + 8 = 0,\ 2x + 2y + 2 = 0$ ਦਾ ਇੱਕ ਵਿਲੱਖਣ ਹੱਲ ਹੋਵੇਗਾ।

(a) $P = 4$ (b) $P \neq 4$

(c) $P = 3$ (d) $P \neq 3$

ਉੱਤਰ:– (b) $P \neq 4$

**ਪ੍ਰ:62** ਸਾਰੇ ਚੱਕਰ ------ ਹੁੰਦੇ ਹਨ।

(a) ਸਰਬੰਗਸਮ (b) ਸਮਰੂਪ

(c) ਬਰਾਬਰ (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- (b) ਸਮਰੂਪ

**ਪ੍ਰ:63** ਸਾਰੇ ਵਰਗ ------ ਹੁੰਦੇ ਹਨ।

(a) ਸਮਰੂਪ (b) ਸਰਬੰਗਸਮ

(c) ਬਰਾਬਰ (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- (a) ਸਮਰੂਪ

**ਪ੍ਰ:64** ਸਾਰੇ ਸਮਭੁਜੀ ਤ੍ਰਿਭੁਜ ------ ਹੁੰਦੇ ਹਨ।

(a) ਸਰਬੰਗਸਮ (b) ਸਮਰੂਪ

(c) ਬਰਾਬਰ (d) ਬਰਾਬਰ ਨਹੀਂ

ਉੱਤਰ:- (b) ਸਮਰੂਪ

## ਅਧਿਆਇ-6

**ਪ੍ਰ:65** ਭੁਜਾਵਾਂ ਦੀ ਇੱਕ ਸਮਾਨ ਸੰਖਿਆ ਵਾਲੇ ਦੋ ਬਹੁਭੁਜ ਸਮਰੂਪ ਹੁੰਦੇ ਹਨ ਜੇਕਰ (1) ਉਨ੍ਹਾ ਦੇ ਸੰਗਤ ਕੋਣ----ਹੋਣ ਅਤੇ (2) ਉਹਨਾਂ ਦੀਆਂ ਸੰਗਤ ਭੁਜਾਵਾਂ .............ਹੋਣ

(a) ਬਰਾਬਰ, ਸਮਾਨੁਪਾਤੀ (b) ਸਮਾਨੁਪਾਤੀ,

(c) ਬਰਾਬਰ, ਬਰਾਬਰ (d) ਸਮਾਨੁਪਾਤੀ, ਸਮਾਨੁਪਾਤੀ

ਉੱਤਰ:-(a) ਬਰਾਬਰ, ਸਮਾਨੁਪਾਤ

**ਪ੍ਰ:66** 



ਹਨ।

(a) ਸਰਬੰਗਸਮ (b) ਸਮਰੂਪ

(c) ਬਰਾਬਰ (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- (b) ਸਮਰੂਪ

**ਪ੍ਰ:67** 



ਤ੍ਰਿਭੁਜ ਹਨ।

(a) ਸਰਬੰਗਸਮ (b) ਸਮਰੂਪ

(c) ਬਰਾਬਰ (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- (b) ਸਮਰੂਪ

**ਪ੍ਰ:68** ਜੇਕਰ ਇੱਕ ਤ੍ਰਿਭੁਜ ਵਿੱਚ, ਕਿਸੇ ਇੱਕ ਭੁਜਾ ਦਾ ਵਰਗ ਬਾਕੀ ਦੋ ਭੁਜਾਵਾਂ ਦੇ ਵਰਗ ਦੇ ਜੋੜ ਦੇ ਬਰਾਬਰ ਹੋਏ ਤਾਂ ਪਹਿਲੀ ਭੁਜਾ ਦੇ ਸਨਮੁੱਖ ਕੋਣ----ਹੁੰਦਾ ਹੈ।

(a) 30° (b) 60°

(c) 90° (d) 100°

ਉੱਤਰ:- (c) 90°

**ਪ੍ਰ:69** ਇੱਕ ਸਮਕੋਣ ਤ੍ਰਿਭੁਜ ਵਿੱਚ, ਕਰਣ ਦਾ ਵਰਗ ਬਾਕੀ ਦੋ ਭੁਜਾਵਾਂ ਦੇ ਵਰਗਾਂ ਦੇ ਜੋੜ ਦੇ ਬਰਾਬਰ ਹੁੰਦਾ ਹੈ। ਇਸ ਨੂੰ------ ਪ੍ਰਮੇਯ ਕਿਹਾ ਜਾਂਦਾ ਹੈ।

(a) ਪਾਈਥਾਗੋਰਸ (b) ਥੇਲਜ

(c) ਸਮਰੂਪਤਾਂ (d) ਮੂਲ ਸਮਾਨ ਅਨੁਪਾਤਤਾ

ਉੱਤਰ:- (a) ਪਾਈਥਾਗੋਰਸ

**ਪ੍ਰ:70** ਦੋ ਚਿੱਤਰ ਜਿੰਨਾ ਦੇ ਆਕਾਰ ਇੱਕੋ ਜਿਹੇ ਹਨ ਪਰੰਤੂ ਜਰੂਰੀ ਰੂਪ ਵਿੱਚ ਮਾਪ ਬਰਾਬਰ ਨਾ ਹੋਣ ------ ਚਿੱਤਰ ਕਹਾਉਂਦੇ ਹਨ।

(a) ਸਰਬੰਗਸਮ (b) ਸਮਰੂਪ

(c) ਬਰਾਬਰ (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- (b) ਸਮਰੂਪ

**ਪ੍ਰ:71** ਜੇਕਰ ਕਿਸੇ ਤ੍ਰਿਭੁਜ ਦੀ ਇੱਕ ਭੁਜਾ ਦੇ ਸਮਾਂਤਰ ਬਾਕੀ ਦੋ ਭੁਜਾਵਾਂ ਨੂੰ ਅਲੱਗ-ਅਲੱਗ ਬਿੰਦੂਆਂ ’ਤੇ ਕੱਟਦੀ ਇੱਕ ਰੇਖਾ ਖਿੱਚੀ ਜਾਵੇ ਤਾਂ ਇਹ ਬਾਕੀ ਦੋ ਭੁਜਾਵਾਂ ਨੂੰ ਇੱਕ ਹੀ ਅਨੁਪਾਤ ਵਿੱਚ ਵੱਡਦੀ ਹੈ ਇਸ ਨੂੰ------ਪ੍ਰਮੇਯ ਕਿਹਾ ਜਾਂਦਾ ਹੈ।

(a) ਪਾਈਥਾਗੋਰਮ (b) ਥੇਲਜ

(c) ਸਮਰੂਪਤਾਂ (d) ਮੂਲ ਸਮਾਨ ਅਨੁਪਾਤਤਾ ਥਿਓਰਮ ਨਹੀਂ

ਉੱਤਰ:- (b) ਥੇਲਜ

**ਪ੍ਰ:72** 

ਚਿੱਤਰ ਵਿੱਚ ਜੇ $DE \parallel BC$ ਹੋਵੇ ਤਾਂ $\frac{AD}{DB} =$

(a) $\frac{AB}{AC}$ (b) $\frac{DE}{BC}$

(c) $\frac{AE}{EC}$ (d) $\frac{AC}{AE}$

ਉੱਤਰ:- (c) $\frac{AE}{EC}$

## ਅਧਿਆਇ 7

73. ਮੂਲ ਬਿੰਦੂ ਦੇ ਨਿਰਦੇਸ਼ ਅੰਕ________ ਹੁੰਦੇ ਹਨ।

(i) (0,0) (ii) (0,1) (iii) (1,0) (iv) (2,0)

ਉੱਤਰ : (i) (0,0)

74. ਬਿੰਦੂਆਂ $A(x_1, y_1)$ ਅਤੇ $B(x_2, y_2)$ ਵਿੱਚ ਦੂਰੀ ਦਾ ਸੂਤਰ $\sqrt{(x_2 - x_1)^2 + (_____)^2}$ ਹੈ।

(i) $y_2 - 1$ (ii) $y_1 - 1$ (iii) $y_2 - y_1$ (iv) $y_1 - y_2$

ਉੱਤਰ : (iii) $y_2 - y_1$

75. $x$ – ਧੁਰੇ 'ਤੇ ਕਿਸੇ ਬਿੰਦੂ ਦੇ ਨਿਰਦੇਸ਼ ਅੰਕ ________ ਹੁੰਦੇ ਹਨ।

(i) $(x,0)$ (ii) $(0, x)$ (iii) (0,0) (iv) $(0, y)$

ਉੱਤਰ : (i) $(x,0)$

76. $y$ – ਧੁਰੇ ਤੇ ਕਿਸੇ ਬਿੰਦੂ ਦੇ ਨਿਰਦੇਸ਼ ________ਅੰਕ ਹੁੰਦੇ ਹਨ।

(i) $(0, y)$ (ii) $(y, 0)$ (iii) $(0, 0)$ (iv) $(x, 0)$

ਉੱਤਰ : (i) $(0, y)$

77. ਮੱਧ ਬਿੰਦੂ ਦੇ ਨਿਰਦੇਸ਼ ਅੰਕ $(\frac{x_1 + __}{2}, \frac{y_1 + __}{2})$ ਹੁੰਦੇ ਹਨ।

(i) $x_2, y_1$ (ii) $x_2, y_2$ (iii) $(0, 0)$ (iv) 1,1

ਉੱਤਰ : (ii) $x_2, y_2$

78. ਬਿੰਦੂਆਂ $A(x_1, y_1)$ ਅਤੇ $B(x_2, y_2)$ ਨੂੰ ਮਿਲਾਉਣ ਵਾਲੇ ਰੇਖਾ ਖੰਡ ਨੂੰ m:n ਵਿੱਚ ਵੰਡਣ ਵਾਲੇ ਬਿੰਦੂ ਦੇ ਨਿਰਦੇਸ਼ ਅੰਕ $(\frac{mx_2 + nx_1}{---}, \frac{my_2 + ny_1}{---})$

(i) $m - n$ (ii) $m + n$ (iii) $n - m$ (iv) $m^2 - n^2$

ਉੱਤਰ : (ii) $m+n$

79. ਮੂਲ ਬਿੰਦੂ $(0,0)$ ਤੋਂ ਕਿਸੇ ਬਿੰਦੂ $(x,y)$ ਦੀ ਦੂਰੀ ________ ਹੁੰਦੀ ਹੈ।

(i) $\sqrt{x^2+0^2}$ (ii) $\sqrt{y^2+0^2}$ (iii) $\sqrt{x^2+y^2}$ (iv) $xy$

ਉੱਤਰ : (iii) $\sqrt{x^2+y^2}$

## ਅਧਿਆਇ 8, 9

80. $\sin 30^0 =$ ______

(i) $\frac{1}{2}$ (ii) $\sqrt{\frac{3}{2}}$ (iii) 1 (iv) 2

ਉੱਤਰ : (i) $\frac{1}{2}$

81. $\sin 60^0 =$ ______

(i) $\frac{1}{2}$ (ii) $\frac{\sqrt{3}}{2}$ (iii) 0 (iv) 1

ਉੱਤਰ : (ii) $\frac{\sqrt{3}}{2}$

82. $cos\ 60^0 =$ ______

(i) $\frac{1}{2}$ (ii) $\frac{\sqrt{3}}{2}$ (iii) 1 (iv) 0

ਉੱਤਰ : (i) $\frac{1}{2}$

83. $\cos 30^0 =$ ______

(i) $\frac{1}{2}$ (ii) $\frac{\sqrt{3}}{2}$ (iii) 1 (iv) 2

ਉੱਤਰ: (ii) $\frac{\sqrt{3}}{2}$

84. $\tan 30^0 = $ _____

(i) $\frac{1}{\sqrt{3}}$ (ii) $\sqrt{3}$ (iii) 1 (iv) 3

ਉੱਤਰ: (i) $\frac{1}{\sqrt{3}}$

85. $\tan 60^0 = $ _____

(i) $\frac{1}{\sqrt{3}}$ (ii) $\sqrt{3}$ (iii) 1 (iv) 2

ਉੱਤਰ: (ii) $\sqrt{3}$

86. $\sin^2\theta + \cos^2\theta = $ _____

(i) -1 (ii) 0 (iii) 1 (iv) 2

ਉੱਤਰ: (iii) 1

87. $\operatorname{cosec}^2\theta - \cot^2\theta = $ _____

(i) -1 (ii) 1 (iii) 0 (iv) $\frac{1}{2}$

ਉੱਤਰ: (ii) 1

88. $\sec^2\theta - \tan^2\theta = $ _____

(i) 1 (ii) -1 (iii) 0 (iv) $\frac{1}{3}$

ਉੱਤਰ: (i) 1

89. $\sin\theta = \frac{\text{ਲੰਬ}}{\square}$

(i) ਕਰਨ (ii) ਆਧਾਰ (iii) ਲੰਬ (iv) 1

ਉੱਤਰ: (i) ਕਰਨ

90. $\cos\theta = \dfrac{\square}{\text{ਕਰਨ}}$

(i) ਕਰਨ (ii) ਆਧਾਰ (iii) ਲੰਬ (iv) 1

ਉੱਤਰ: (ii) ਆਧਾਰ

91. $\tan\theta = \dfrac{\text{ਲੰਬ}}{\square}$

(i) ਕਰਨ (ii) ਆਧਾਰ (iii) ਲੰਬ (iv) 1

ਉੱਤਰ: (ii) ਆਧਾਰ

92. $\sin^2 = 1 -$ _____

(i) $\tan^2\theta$ (ii) $\sec^2\theta$ (iii) $\cos^2\theta$ (iv) $\cot^2\theta$

ਉੱਤਰ: (iii) $\cos^2\theta$

93. $\sec^2 = 1 +$ _____

(i) $\tan^2\theta$ (ii) $\sec^2\theta$ (iii) $\cos^2\theta$ (iv) $\sin^2\theta$

ਉੱਤਰ: (i) $\tan^2\theta$

94. $\sin 45^0 =$ _____

(i) $\dfrac{1}{\sqrt{2}}$ (ii) 1 (iii) $\dfrac{1}{2}$ (iv) 2

ਉੱਤਰ: (i) $\dfrac{1}{\sqrt{2}}$

95. $\cos 45^0 =$ _____

(i) 1 (ii) $\dfrac{1}{\sqrt{2}}$ (iii) $\dfrac{1}{2}$ (iv) $\dfrac{1}{\sqrt{3}}$

ਉੱਤਰ: (ii) $\dfrac{1}{\sqrt{2}}$

96. $\tan 45^0 =$ _____

(i) $\frac{1}{2}$ (ii) $\frac{1}{\sqrt{2}}$ (iii) 1 (iv) $\frac{2}{\sqrt{3}}$

ਉੱਤਰ: (iii) 1

97. $(\text{ਕਰਨ})^2 = (\text{ਆਧਾਰ})^2 + (\quad)^2$

(i) ਆਧਾਰ (ii) ਲੰਬ (iii) ਕਰਨ (iv) 1

ਉੱਤਰ: (ii) ਲੰਬ

98. $\sin(90^0 - \theta) =$ _____

(i) $\sin\theta$ (ii) $\cos\theta$ (iii) $\tan\theta$ (iv) $\cot\theta$

ਉੱਤਰ: (ii) $\cos\theta$

99. $\cos(90^0 - \theta) =$ _____

(i) $\sin\theta$ (ii) $\cos\theta$ (iii) $\tan\theta$ (iv) $\cot\theta$

ਉੱਤਰ: (i) $\sin\theta$

100. $\tan(90^0 - \theta) =$ _____

(i) $\sin\theta$ (ii) $\sec\theta$ (iii) $\cot\theta$ (iv) $\cos\theta$

ਉੱਤਰ: (iii) $\cot\theta$

101. $\sec(90^0 - \theta) =$ _____

(i) $\operatorname{cosec}\theta$ (ii) $\sec\theta$ (iii) $\cot\theta$ (iv) $\tan\theta$

ਉੱਤਰ: (i) $\operatorname{cosec}\theta$

102. $\operatorname{cosec}(90^0 - \theta) =$ _____

(i) $\operatorname{cosec}\theta$ (ii) $\sec\theta$ (iii) $\cot\theta$ (iv) $\sin\theta$

ਉੱਤਰ: (ii) $\sec\theta$

103. $\frac{\sin 18^0}{\cos 72^0} =$ ______

(i) 0 (ii) 1 (iii) $90^0$ (iv) 2

ਉੱਤਰ: (ii) 1

104. $\sin 18^0 - \cos 72^0 =$ ______

(i) 0 (ii) 1 (iii) $90^0$ (iv) 1

ਉੱਤਰ: (i) 0

105. $9\sec^2 A - 9\tan^2 A =$ ______

(i) 1 (ii) 9 (iii) 0 (iv) 2

ਉੱਤਰ: (ii) 9

106. $\frac{1+\tan^2 A}{1+\cot^2 A} =$ ______

(i) 1 (ii) $\cot^2 A$ (iii) $\tan^2 A$ (iv) $\sin^2 A$

ਉੱਤਰ: (iii) $\tan^2 A$

107. $\operatorname{cosec} A = \frac{1}{\square}$ ______

(i) sin A (ii) cosA (iii) cot A (iv) tan A

ਉੱਤਰ: (i) sin A

108. $\sec A = \frac{1}{\square}$ ______

(i) sin A (ii) cosA (iii) tan A (iv) cot A

ਉੱਤਰ: (ii) cosA

109. $\cot A = \frac{1}{\square}$ ______

(i) sin A (ii) cosA (iii) tan A (iv) cot A

ਉੱਤਰ: (iii) tan A

## ਅਧਿਆਇ 10

110. ਕਿਸੇ ਚੱਕਰ ਦੀ ਸਪਰਸ਼ ਰੇਖਾ ਉਸ ਨੂੰ .............ਬਿੰਦੂਆਂ ਤੇ ਕੱਟਦੀ ਹੈ।

(i) 1 (ii) 2 (iii) 0 (iv) ਤਿੰਨ

ਉੱਤਰ: (i) 1

111. ਚੱਕਰ ਨੂੰ ਦੋ ਬਿੰਦੂਆਂ ਤੇ ਕੱਟਣ ਵਾਲੀ ਰੇਖਾ ਨੂੰ _____ਕਹਿੰਦੇ ਹਨ।

(i) ਸਪਰਸ਼ ਰੇਖਾ (ii) ਛੇਦਕ ਰੇਖਾ (iii) ਕਾਟਵੀਂ ਰੇਖਾ (iv) ਸਮਾਂਤਰ ਰੇਖਾ

ਉੱਤਰ: (ii) ਛੇਦਕ ਰੇਖਾ

112. ਇੱਕ ਚੱਕਰ ਦੀਆਂ _____ਸਮਾਂਤਰ ਸਪਰਸ਼ ਰੇਖਾਵਾਂ ਹੋ ਸਕਦੀਆਂ ਹਨ।

(i) 1 (ii) 0 (iii) 2 (iv) 4

ਉੱਤਰ: (iii) 2

113. ਚੱਕਰ ਅਤੇ ਉਸਦੀ ਸਪਰਸ਼ ਰੇਖਾ ਦੇ ਸਾਂਝੇ ਬਿੰਦੂ ਨੂੰ _____ਕਹਿੰਦੇ ਹਨ।

(i) ਸਪਰਸ਼ ਬਿੰਦੂ (ii) ਛੇਦਕ ਬਿੰਦੂ (iii) ਸਾਂਝਾ ਬਿੰਦੂ (iv) ਮੂਲ ਬਿੰਦੂ

ਉੱਤਰ: (i) ਸਪਰਸ਼ ਬਿੰਦੂ

114. ਚੱਕਰ ਦੀ ਸਭ ਤੋਂ ਵੱਡੀ ਜੀਵਾ _____ਕਹਾਉਂਦੀ ਹੈ।

(i) ਅਰਧ ਵਿਆਸ (ii) ਵਿਆਸ (iii) ਛੇਦਕ ਰੇਖਾ (iv) ਸਮਾਂਤਰ ਰੇਖਾ

ਉੱਤਰ: (ii) ਵਿਆਸ

115. ਬਾਹਰਲੇ ਬਿੰਦੂ ਤੋਂ ਚੱਕਰ ਨੂੰ ਖਿੱਚੀਆਂ ਗਈਆਂ ਸਪਰਸ਼ ਰੇਖਾਵਾਂ ਦੀ ਲੰਬਾਈ _____ ਹੁੰਦੀ ਹੈ।

(i) ਬਰਾਬਰ (ii) ਸਮਾਂਤਰ (iii) ਘੱਟ ਵੱਧ (iv) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ: (i) ਬਰਾਬਰ

116. ਚੱਕਰ ਦੇ ਅੰਦਰ ਸਥਿਤ ਕਿਸੇ ਬਿੰਦੂ ਤੋਂ ਜਾਣ ਵਾਲੀ ਚੱਕਰ ਤੇ _____ ਸਪਰਸ਼ ਰੇਖਾ/ ਰੇਖਾਵਾਂ ਹੁੰਦੀ ਹੈ।

(i) ਇੱਕ (ii) ਦੋ (iii) ਕੋਈ ਨਹੀਂ (iv) ਤਿੰਨ

ਉੱਤਰ: (iii) ਕੋਈ ਨਹੀਂ

117. ਚੱਕਰ ਤੇ ਸਥਿਤ ਕਿਸੇ ਬਿੰਦੂ ਤੋਂ ਚੱਕਰ ਤੇ ਇੱਕ ਪਾਸੇ ______ਸਪਰਸ਼ ਰੇਖਾ/ ਰੇਖਾਵਾਂ ਖਿੱਚੀਆਂ ਜਾ ਸਕਦੀਆਂ ਹਨ।

(i) ਕੇਵਲ ਇੱਕ (ii) ਦੋ (iii) ਕੋਈ ਨਹੀਂ (iv) ਤਿੰਨ

ਉੱਤਰ: (i) ਕੇਵਲ ਇੱਕ

118. ਚੱਕਰ ਦੇ ਬਾਹਰ ਸਥਿਤ ਕਿਸੇ ਬਿੰਦੂ ਤੋਂ ਵੱਧ ਤੋਂ ਵੱਧ ______ਸਪਰਸ਼ ਰੇਖਾ/ ਰੇਖਾਵਾਂ ਖਿੱਚੀਆਂ ਜਾ ਸਕਦੀਆਂ ਹਨ।

(i) ਕੇਵਰ ਇੱਕ (ii) ਦੋ (iii) ਕੋਈ ਨਹੀਂ (iv) ਤਿੰਨ

ਉੱਤਰ: (ii) ਦੋ

119. ਚੱਕਰ ਦੀ ਸਪਰਸ਼ ਰੇਖਾ, ਸਪਰਸ਼ ਬਿੰਦੂ ਤੋਂ ਜਾਣ ਵਾਲੇ ਅਰਧ ਵਿਆਸ ਨਾਲ ______ ਕੋਣ ਬਣਾਉਂਦੀ ਹੈ।

(i) $30^0$ (ii) $0^0$ (iii) $90^0$ (iv) $60^0$

ਉੱਤਰ: (iii) $90^0$

120. ਚਿੱਤਰ ਵਿੱਚ, ਚੱਕਰ ਨੂੰ ਬਾਹਰਲੇ ਪਾਸਿਆਂ ਤੋਂ ਛੂੰਹਦਾ ਚਤੁਰਭੁਜ ABCD ਖਿੱਚਿਆ ਗਿਆ ਹੈ ਤਾਂAB+CD = ______ਹੋਵੇਗਾ।




(i) AD+BC (ii) BC+AB

(iii) DC+BC (iv) AB+BC

ਉੱਤਰ: (i) AD+BC

121. ਕਿਸੇ ਚੱਕਰ ਦੇ ਬਾਹਰਲੇ ਪਾਸੇ ਛੂੰਹਦਾ ਸਮਾਂਤਰ ਚਤੁਰਭੁਜ........ ਚਤੁਰਭੁਜ ਹੁੰਦਾ ਹੈ।

(i) ਵਰਗ (ii) ਆਇਤ (iii) ਸਮਚਤੁਰਭੁਜ (iv) ਸਮਲੰਬ

ਉੱਤਰ: (iii) ਸਮਚਤੁਰਭੁਜ

## ਅਧਿਆਇ 14

122. 3 ਮੱਧਿਕਾ =______ +2 ਮੱਧਮਾਨ

(i) ਮੱਧਿਕਾ (ii) ਬਹੁਲਕ (iii) ਮੱਧਮਾਨ (iv) ਬਾਰੰਬਾਰਤਾ

ਉੱਤਰ: (ii) ਬਹੁਲਕ

123. ਵਰਗ ਚਿੰਨ੍ਹ $= \dfrac{\text{ਉੱਪਰਲੀ ਵਰਗ ਸੀਮਾ} + \text{ਹੇਠਲੀ ਵਰਗ ਸੀਮਾ}}{\boxed{\phantom{00}}}$

(i) 1 (ii) 2 (iii) 3 (iv) 4

ਉੱਤਰ: (ii) 2

124. ਬਹੁਲਕ $= \ell + (\dfrac{f_1 - f_0}{2f_1 - f_0 - f_2}) \times h$ ਜਿੱਥੇ $\ell$ _____ ਹੁੰਦਾ ਹੈ।

(i) ਬਹੁਲਕ ਵਰਗ ਦੀ ਹੇਠਲੀ ਸੀਮਾ

(ii) ਬਹੁਲਕ ਵਰਗ ਦੀ ਉੱਪਰਲੀ ਵਰਗ ਸੀਮਾ

(iii) ਲੰਬਾਈ

(iv) ਚੌੜਾਈ

ਉੱਤਰ: (i) ਬਹੁਲਕ ਵਰਗ ਦੀ ਹੇਠਲੀ ਸੀਮਾ

125. ਮੱਧਿਕਾ $= \ell + \dfrac{\frac{n}{2} - cf}{f} \times h$ ਜਿੱਥੇ $cf =$ _____ ਹੋਵੇਗਾ।

(i) ਮੱਧਿਕਾ ਵਰਗ ਤੋਂ ਠੀਕ ਪਹਿਲੇ ਵਾਲੇ ਵਰਗ ਦੀ ਸੰਚਵੀਂ ਬਾਰੰਬਾਰਤਾ

(ii) ਮੱਧਿਕਾ ਵਰਗ ਦੀ ਬਾਰੰਬਾਰਤਾ

(iii) ਮੱਧਿਕਾ ਵਰਗ ਤੋਂ ਠੀਕ ਹੇਠਲੇ ਵਾਲੇ ਵਰਗ ਦੀ ਸੰਚਵੀਂ ਬਾਰੰਬਾਰਤਾ

(iv) ਬਾਰੰਬਾਰਤਾ

ਉੱਤਰ: (i) ਮੱਧਿਕਾ ਵਰਗ ਤੋਂ ਠੀਕ ਪਹਿਲੇ ਵਾਲੇ ਵਰਗ ਦੀ ਸੰਚਵੀਂ ਬਾਰੰਬਾਰਤਾ

126. ਪਗ ਵਿਚਲਨ ਵਿਧੀ ਦੁਆਰਾ ਮੱਧਮਾਨ ਪਤਾ ਕਰਨ ਦਾ ਫਾਰਮੂਲਾ _____ ਹੈ।

(i) $\bar{x} = a + \frac{f_i u_i \quad h}{f_i}$ (ii) $\bar{x} = a + \frac{f_i d_i}{f_i}$

(iii) $\bar{x} = \frac{fixi}{f_i}$ (iv) $\bar{x} = a \frac{fidi}{f_i}$

ਉੱਤਰ: (i) $\bar{x} = a + \frac{f_i u_i \quad h}{f_i}$

**ਅਧਿਆਇ 15**

127. $P(E) + P(\bar{E}) =$ ______

(i) 1 (ii) 0 (iii) -1 (iv) 2

ਉੱਤਰ: (i) 1

128. ਕਿਸੇ ਘਟਨਾ ਦੀ ਸੰਭਾਵਨਾ ______ਤੋਂ ਵੱਡੀ ਜਾਂ ਉਸ ਦੇ ਬਰਾਬਰ ਹੁੰਦੀ ਹੈ ਅਤੇ ______ਤੋਂ ਛੋਟੀ ਜਾਂ ਉਸ ਦੇ ਬਰਾਬਰ ਹੁੰਦੀ ਹੈ।

(i) -1,1 (ii) 0,1 (iii) 1,2 (iv) -1,- 2

ਉੱਤਰ: (ii) 0,1

129. ਉਸ ਘਟਨਾ ਦੀ ਸੰਭਾਵਨਾ ਜਿਸ ਦਾ ਵਾਪਰਨਾ ਨਿਸ਼ਚਿਤ ਹੈ ______ ਹੈ। ਅਜਿਹੀ ਘਟਨਾ ______ਕਹਾਉਂਦੀ ਹੈ।

(i) 1, ਸੰਭਵ ਘਟਨਾ (ii) 0, ਅਸੰਭਵ ਘਟਨਾ (iii) 0, ਸੰਭਵ ਘਟਨਾ

(iv) 1, ਅਸੰਭਵ ਘਟਨਾ

ਉੱਤਰ: (i) 1, ਸੰਭਵ ਘਟਨਾ

130. ਕਿਹੜੀ ਸੰਖਿਆ ਕਿਸੇ ਘਟਨਾ ਦੀ ਸੰਭਾਵਨਾ ਨਹੀਂ ਹੋ ਸਕਦੀ ? ______

(i) $\frac{2}{3}$ (ii) 15% (iii) -1.5 (iv) 0.2

ਉੱਤਰ: (iii) -1.5

131. $P(E) = \frac{\text{E ਦੇ ਅਨੁਕੂਲ ਪਰਿਮਾਣਾਂ ਦੀ ਸੰਖਿਆ}}{\boxed{\phantom{xxxxxxxxxx}}}$

(i) E ਦੇ ਅਨੁਕੂਲ ਨਹੀਂ ਪਰਿਮਾਣਾਂ ਦੀ ਸੰਖਿਆ

(ii) ਸਾਰੇ ਅਸੰਭਵ ਪਰਿਮਾਣਾਂ ਦੀ ਸੰਖਿਆ

(iii) E ਦੇ ਅਨੁਕੂਲ ਪਰਿਮਾਣਾਂ ਦੀ ਸੰਖਿਆ

(iv) E ਦੇ ਕੁੱਲ ਪਰਿਮਾਣਾਂ ਦੀ ਸੰਖਿਆ

ਉੱਤਰ: (iv) E ਦੇ ਕੁੱਲ ਪਰਿਮਾਣਾਂ ਦੀ ਸੰਖਿਆ

132. 52 ਪੱਤੀਆਂ ਦੇ ਤਾਸ਼ ਦੀ ਇੱਕ ਗੁੱਟੀ ਵਿੱਚ ______ਚਿੱਤਰ ਪੱਤੇ ਹੁੰਦੇ ਹਨ।

(i) 8 (ii) 12 (iii) 16 (iv) 4

ਉੱਤਰ: (ii) 12

133. ਇੱਕ ਸਿੱਕੇ ਨੂੰ ਇੱਕ ਵਾਰ ਉਛਾਲਿਆ ਜਾਂਦਾ ਹੈ। ਇੱਕ ਚਿੱਤ ਪ੍ਰਾਪਤ ਕਰਨ ਦੀ ਸੰਭਾਵਨਾ ______ਹੈ ?

(i) 0 (ii) $\frac{1}{2}$ (iii) $\frac{1}{3}$ (iv) $\frac{1}{4}$

ਉੱਤਰ: (ii) $\frac{1}{2}$

134. ਕਿਸੇ ਪਾਸੇ ਨੂੰ ਇੱਕ ਵਾਰ ਉਛਾਲਣ ਤੇ, ਸੰਖਿਆ 6 ਆਉਣ ਦੀ ਸੰਭਾਵਨਾ ______ਹੈ।

(i) 1 (ii) 0 (iii) $\frac{1}{6}$ (iv) $\frac{1}{5}$

ਉੱਤਰ: (iii) $\frac{1}{6}$

135. ਕਿਸੇ ਪ੍ਰਯੋਗ ਦੀਆਂ ਸਾਰੀਆਂ ਆਰੰਭਿਕ ਘਟਨਾਵਾਂ ਦੀਆਂ ਸੰਭਾਵਨਾਵਾਂ ਦਾ ਜੋੜ ______ਹੈ।

(i) 0 (ii) 2 (iii) 1 (iv) $\frac{1}{2}$

ਉੱਤਰ: (iii) 1

136. ਜੇ $P(E) = 0.9$ ਹੈ ਤਾਂ P ( Eਨਹੀਂ ) = ☐

(i) 1 (ii) 0 (iii) 0.1 (iv) 0.9

ਉੱਤਰ: (iii) 0.1

137. ਇੱਕ ਡੱਬੇ ਵਿੱਚ 5 ਲਾਲ, 8 ਚਿੱਟੇ, 4 ਹਰੇ ਬੰਟੇ ਹਨ। ਇੱਕ ਲਾਲ ਬੰਟਾ ਕੱਢਣ ਦੀ ਸੰਭਾਵਨਾ ਹੋਵੇਗੀ।

(i) $\frac{5}{17}$ (ii) $\frac{8}{17}$ (iii) $\frac{4}{17}$ (iv) $\frac{5}{17}$

ਉੱਤਰ: (i) $\frac{5}{17}$

# ਅਧਿਆਇ - 1

## ਵਾਸਤਵਿਕ ਸੰਖਿਆਵਾਂ

(3-3 ਅੰਕਾਂ ਵਾਲੇ ਪ੍ਰਸ਼ਨ)

ਪ੍ਰ 1. 6 ਅਤੇ 20 ਦਾ ਮ. ਸ. ਵ. ਪਤਾ ਕਰੋ। ਯੁਕਲਿਡ ਵੰਡ ਐਲਗੋਰਿਥਮ ਦੀ ਵਰਤੋਂ ਕਰੋ :

ਹੱਲ : $20=6\times3+2$

$6=2\times3+0$

ਬਾਕੀ = 0 ਅਤੇ ਭਾਜਕ = 2

ਮ. ਸ. ਵ. = 2 ਉੱਤਰ

ਪ੍ਰ 2. 65 ਅਤੇ 135 ਦਾ ਮ. ਸ. ਵ. ਪਤਾ ਕਰੋ। ਯੁਕਲਿਡ ਵੰਡ ਐਲਗੋਰਿਥਮ ਦੀ ਵਰਤੋਂ ਕਰੋ।

ਹੱਲ : $135=65\times2+5$

$65=5\times13+0$

ਬਾਕੀ = 0 ਅਤੇ ਭਾਜਕ = 5

ਮ. ਸ. ਵ. = ਉੱਤਰ

ਪ੍ਰ 3. 20 ਦੇ ਅਭਾਜ ਗੁਣਨਖੰਡ ਬਣਾਓ।

| | |
|---|---|
| 2 | 20 |
| 2 | 10 |
| 5 | 5 |
| | 1 |

ਹੱਲ : $20=2\times2\times5$

$= 2^2\times5^1$ ਉੱਤਰ

ਪ੍ਰ 4. 156 ਦੇ ਅਭਾਜ ਗੁਣਨਖੰਡ ਬਣਾਉ।

| | |
|---|---|
| 2 | 156 |
| 2 | 78 |
| 3 | 39 |
| | 13 |

ਹੱਲ : $156 = 2\times2\times3\times13$

$= 2^2\times3^1\times13^1$ ਉੱਤਰ

ਪ੍ਰ 5. 18 ਅਤੇ 12 ਦਾ ਲ. ਸ. ਵ. ਪਤਾ ਕਰੋ।

| | |
|---|---|
| 2 | 18 |
| 3 | 9 |
| 3 | 3 |
| | 1 |

| | |
|---|---|
| 2 | 12 |
| 2 | 6 |
| 3 | 3 |
| | 1 |

ਹੱਲ : $18 = 2\times3\times3$

$=2^1\times3^2$

$12 = 2\times2\times3$

$=2^2\times3^1$

ਲ. ਸ. ਵ. = ਅਭਾਜ ਗੁਣਨਖੰਡਾਂ ਦੀ ਸਭ ਤੋਂ ਵੱਡੀਆਂ ਘਾਤਾਂ ਦਾ ਗੁਣਨਖੰਡ

$\therefore$ ਲ. ਸ. ਵ. = $3^2\times2^2 = 3\times 3\times2\times2 =36$ ਉੱਤਰ

ਪ੍ਰ 6. $\frac{30}{8}$ ਨੂੰ ਦਸ਼ਮਲਵ ਰੂਪ ਵਿੱਚ ਬਦਲੋ।

ਹੱਲ :
$$\frac{30}{8}=\frac{2^1\times3^1\times5^1}{2\times2\times2}=\frac{2^1\times3^1\times5^1}{2^3}\times\frac{5^3}{5^3}=\frac{2^1\times3^1\times5^1\times5^3}{2^3\times5^3}$$
$$=\frac{2\times3\times5\times5\times5\times5}{10\times10\times10}=\frac{2\times3\times5\times5^3}{10^3}=\frac{3750}{1000}=3.75$$

| | |
|---|---|
| 2 | 30 |
| 3 | 15 |
| 5 | 5 |
| | 1 |

| | |
|---|---|
| 2 | 8 |
| 2 | 4 |
| 2 | 2 |
| | 1 |

ਪ੍ਰ 7. 0.75 ਨੂੰ ਪਰਿਮੇਯ ਸੰਖਿਆ ਵਿੱਚ ਬਦਲੋ ।

ਹੱਲ : $0.75=\frac{75}{100}$ ਉੱਤਰ

ਪ੍ਰ 8. ਪਰਿਮੇਯ ਅਤੇ ਅਪਰਿਮੇਯ ਸੰਖਿਆਵਾਂ ਦੀ ਪਛਾਣ ਕਰੋ।

**(i)** $\frac{75}{2}$ **(ii)** $\sqrt{2}$ **(iii)** 0.375

ਉੱਤਰ : ਪਰਿਮੇਯ ਸੰਖਿਆ $=\frac{75}{2}$, 0.375

ਅਪਰਿਮੇਯ ਸੰਖਿਆਵਾਂ $=\sqrt{2}$

## (4-4 ਅੰਕਾਂ ਵਾਲੇ ਪ੍ਰਸ਼ਨ)

ਪ੍ਰ 9. 8, 9 ਅਤੇ 25 ਦਾ ਲ. ਸ. ਵ. ਪਤਾ ਕਰੋ।

ਹੱਲ : $8 = 2\times2\times2 = 2^3$

$9 = 3\times3 = 3^2$

$25 = 5\times5 = 5^2$

ਲ. ਸ. ਵ. = ਅਭਾਜ ਗੁਣਨਖੰਡਾਂ ਦੀਆਂ ਸਭ ਤੋਂ ਵੱਡੀਆਂ ਘਾਤਾਂ ਵਾਲੇ ਗੁਣਨਖੰਡਾਂ ਦਾ ਗੁਣਨਫਲ

ਲ. ਸ. ਵ. = $2^3\times 3^2\times5^2 = 8\times 9\times 25 = 1800$ ਉੱਤਰ

ਪ੍ਰ 10. 15,12 ਅਤੇ 21 ਦਾ ਮ. ਸ. ਵ. ਪਤਾ ਕਰੋ।

ਹੱਲ : $15 = 3\times5 = 3^1\times5^1$

$12 = 2\times2\times3 = 2^2\times3^1$

$21 = 3\times7 = 3^1\times7^1$

ਮ. ਸ. ਵ. = ਸਭ ਤੋਂ ਛੋਟੀ ਘਾਤਾਂ ਵਾਲੇ ਸਾਂਝੇ ਅਭਾਜ ਗੁਣਨਖੰਡਾਂ ਦਾ ਗੁਣਨਫਲ

ਮ. ਸ. ਵ. = $3^1 = 3$ ਉੱਤਰ

11. 455 ਦੇ (ਗੁਣਨਖੰਡ ਰੁੱਖ) ਅਭਾਜ ਗੁਣਨਖੰਡ ਬਣਾਉ।

ਹੱਲ :




| | |
|---|---|
| 5 | 455 |
| 7 | 91 |
| 13 | 13 |
| | 1 |

**ਉੱਤਰ :** 455 = 5× 7× 13

12. 156 ਦੇ (ਗੁਣਨਖੰਡ ਰੁੱਖ ਦਾ ਪ੍ਰਯੋਗ ਕਰਕੇ) ਅਭਾਜ ਗੁਣਨਖੰਡ ਬਣਾਉ।

ਹੱਲ :




| | |
|---|---|
| 2 | 156 |
| 2 | 78 |
| 3 | 39 |
| 13 | 13 |
| | 1 |

**ਉੱਤਰ :** 156 = 2×2×3×13

13. ਮ. ਸ. ਵ. (26, 91) = 13 ਦਿੱਤਾ ਹੈ। ਲ. ਸ. ਵ. (26, 91) ਪਤਾ ਕਰੋ।

ਹੱਲ : ਮ. ਸ. ਵ. × ਲ. ਸ. ਵ. = ਪਹਿਲੀ ਸੰਖਿਆ × ਦੂਜੀ ਸੰਖਿਆ

13 × ਲ. ਸ. ਵ. = 26×91

ਲ. ਸ. ਵ. = $\frac{26\times91}{13}=182$

**ਉੱਤਰ :** ਲ. ਸ.ਵ= 182

14. ਮ. ਸ. ਵ. (15, 25) = 5 ਦਿੱਤਾ ਹੈ। ਲ. ਸ. ਵ. (15, 25) ਪਤਾ ਕਰੋ।

ਹੱਲ : ਮ. ਸ. ਵ. × ਲ. ਸ. ਵ. = ਪਹਿਲੀ ਸੰਖਿਆ × ਦੂਜੀ ਸੰਖਿਆ

5 × ਲ. ਸ. ਵ. = 15×25

ਲ. ਸ. ਵ. = $\frac{15\times25}{5}=75$

**ਉੱਤਰ :** ਲ. ਸ. ਵ =75

15. ਸੰਖਿਆਵਾਂ 6, 72 ਅਤੇ 120 ਦਾ ਅਭਾਜ ਗੁਣਨਖੰਡ ਵਿਧੀ ਰਾਹੀਂ ਲ. ਸ. ਵ. ਪਤਾ ਕਰੋ।

ਹੱਲ : $6 = 2\times3 = 2^1\times3^1$

$72 = 2\times2\times2\times3\times3 = 2^2\times 3^2$

$120 = 2\times2\times2\times3\times5 = 2^3\times3^1\times5^1$

ਲ. ਸ. ਵ. = $2^3\times 3^2\times5^1 = 2\times 2\times 2\times 3\times3\times5 = 360$

| | |
|---|---|
| 2 | 72 |
| 2 | 36 |
| 2 | 18 |
| 3 | 9 |
| 3 | 3 |
| | 1 |

| | |
|---|---|
| 2 | 120 |
| 2 | 60 |
| 2 | 30 |
| 3 | 15 |
| 5 | 5 |
| | 1 |

**ਉੱਤਰ** =360

16. ਵਿਆਖਿਆ ਕਰੋ ਕਿ $7 \times 11 \times 13 + 13$ ਇੱਕ ਭਾਜ ਸੰਖਿਆ ਹੈ।

ਹੱਲ : $7 \times 11 \times 13 + 13 = 13\,(7 \times 11 + 1)$

$= 13\,(77 + 1)$

$= 13 \times 78$

$= 13 \times 13 \times 3 \times 2$

| | |
|---|---|
| 2 | 78 |
| 3 | 39 |
| 13 | 13 |
| | 1 |

ਇਹ ਅਭਾਜ ਸੰਖਿਆਵਾਂ ਦਾ ਗੁਣਨਫਲ ਹੈ।

$\therefore$ = $7 \times 11 \times 13 + 13$, ਭਾਜ ਸੰਖਿਆ ਹੈ। ਉੱਤਰ

## ਅਧਿਆਇ - 2
## ਬਹੁਪਦ
### (3-3 ਅੰਕਾਂ ਵਾਲੇ ਪ੍ਰਸ਼ਨ)

1. ਦੋ ਘਾਤੀ ਬਹੁਪਦ $ax^2bx + c$ ਦੇ ਸਿਫ਼ਰਾਂ $\alpha$ ਅਤੇ $\beta$ ਦੇ ਜੋੜ ਅਤੇ ਗੁਣਨਫਲ ਦਾ ਸੂਤਰ ਲਿਖੋ।

$$\alpha + \beta = \frac{-b}{a} = - = \frac{-(x \text{ਦਾ ਗੁਣਾਂਕ})}{x^2 \text{ਦਾ ਗੁਣਾਂਕ}}$$

$$\alpha.\beta = \frac{c}{a} = \frac{\text{ਅਚਲ ਪਦ}}{x^2 \text{ਦਾ ਗੁਣਾਂਕ}}$$

2. ਕਿਸੇ ਬਹੁਪਦ $p(x)$ ਦੇ ਲਈ $y = p(x)$ ਦਾ ਅਲੇਖ ਹੇਠਾਂ ਚਿੱਤਰ ਵਿੱਚ ਦਿੱਤਾ ਗਿਆ ਹੈ। $p(x)$ ਦੇ ਸਿਫ਼ਰਾਂ ਦੀ ਗਿਣਤੀ ਪਤਾ ਕਰੋ।

(i)




(ii)



**ਹੱਲ :**

(i) ਸਿਫ਼ਰਾਂ ਦੀ ਗਿਣਤੀ 2 ਹੈ ਕਿਉਂਕਿ ਗ੍ਰਾਫ $x-$ਧੁਰੇ ਨੂੰ ਦੋ ਬਿੰਦੂਆਂ ਤੇ ਕੱਟਦਾ ਹੈ

(ii) ਸਿਫ਼ਰਾਂ ਦੀ ਗਿਣਤੀ 1 ਹੈ ਕਿਉਂਕਿ ਗ੍ਰਾਫ, $x-$ਧੁਰੇ ਨੂੰ ਇੱਕ ਬਿੰਦੂ ਤੇ ਕੱਟਦਾ ਹੈ। ਉੱਤਰ

3. **ਦੋ ਘਾਤੀ ਬਹੁਪਦ $x^2+7x+10$ ਦੇ ਸਿਫ਼ਰ ਪਤਾ ਕਰੋ।**

**ਹੱਲ :** $x^2+7x+10$

$= x^2+5x+2x+10$

$= x(x+5)+2(x+5)$

$= (x+5)(x+2)$

$\therefore$ $x^2+7x+10$ **ਦਾ ਮੁੱਲ ਸਿਫ਼ਰ ਹੋਵੇਗਾ**

**ਜੇਕਰ** $x+5=0$ **ਹੋਵੇ ਜਾਂ** $x+2=0$

$\therefore x=-5$ ਜਾਂ $x=-2$

**ਉੱਤਰ** = $x^2+7x+10$ ਦੀਆਂ ਸਿਫ਼ਰਾਂ $-5$ ਅਤੇ $-2$ ਹਨ।

4. ਦੋ ਘਾਤੀ ਬਹੁਪਦ $x^2-2x-8$ ਦੇ ਸਿਫ਼ਰ ਪਤਾ ਕਰੋ

ਹੱਲ :

$x^2-2x-8$

$= x^2-4x+2x-8$

$= x(x-4)+2(x-4)$

$= (x-4)(x+2)$

$\therefore$ $x^2-2x-8$ ਦਾ ਮੁੱਲ ਸਿਫ਼ਰ ਹੋਵੇਗਾ

ਜੇਕਰ $x-4=0$ ਜਾਂ $x+2=0$ ਹੋਵੇ

$x=4$ ਜਾਂ $x=-2$

**ਉੱਤਰ** = $x^2-2x-8$ ਦੀਆਂ ਸਿਫ਼ਰਾਂ 4 ਅਤੇ $-2$ ਹਨ।

5. $x^2-2x-3$ ਨੂੰ $x-1$ ਨਾਲ ਭਾਗ ਦਿਓ।

ਹੱਲ :

$x-1$ ) $x^2-2x-3$ ( $x-1$

$x^2-x$

$-\quad+$

$-x-3$

$-x+1$

$+\quad-$

$-4$ ਬਾਕੀ

ਉੱਤਰ: ਭਾਗਫ਼ਲ $x-1$ ਅਤੇ ਬਾਕੀ $=-4$

6. ਬਹੁਪਦ ਦੀਆਂ ਸਿਫਰਾਂ 4 ਅਤੇ $-2$ ਹਨ। ਸਿਫ਼ਰਾਂ ਦਾ ਜੋੜ ਅਤੇ ਗੁਣਨਫਲ ਪਤਾ ਕਰੋ।

ਸਿਫ਼ਰ $\alpha = 4$ ਅਤੇ $\beta = -2$

ਸਿਫ਼ਰ ਦਾ ਜੋੜ $\alpha + \beta = 4 - 2 = 2$

ਸਿਫ਼ਰ ਦਾ ਗੁਣਨਫਲ $\alpha\beta = 4 \times -2 = -8$

7. ਦੋ ਘਾਤੀ $x^2 - 4$ ਦ ਸਿਫ਼ਰ ਪਤਾ ਕਰੋ।

ਹੱਲ : $x^2 - 4$

$= (x^2) - (2)^2$

$= (x+2)(x-2)$

$x^2 - 4$ ਦਾ ਮੁੱਲ ਸਿਫ਼ਰ ਹੋਵੇਗਾ

ਜੇਕਰ $x + 2 = 0$ ਜਾਂ $x - 2 = 0$

$x = -2$ ਜਾਂ $x = 2$

ਉੱਤਰ : $-2$ ਅਤੇ 2 ਹਨ।

8. $2x^2 + 3x + 1$ ਨੂੰ $x + 2$ ਨਾਲ ਭਾਗ ਦਿਓ।

ਹੱਲ :

$x+2 \,)\, 2x^2 + 3x + 1 \,(\, 2x-1$

$2x^2 + 4x$

$- \quad -$

$-x + 1$

$-x - 2$

$+ \quad +$

$3$ ਬਾਕੀ

ਉੱਤਰ : ਭਾਗਫ਼ਲ $2x-1$ ਅਤੇ ਬਾਕੀ $= 3$

## 4-4 ਅੰਕਾਂ ਵਾਲੇ ਪ੍ਰਸ਼ਨ

9. $x^3 - 3x^2 + 5x - 3$ ਨੂੰ $x^2 - 2$ ਨਾਲ ਭਾਗ ਦਿਓ।

$x^2-2 \,)\, x^3 - 3x^2 + 5x - 3 \,(\, x-3$

$x^3 \quad - 2x$

$- \quad + \quad +$

$-3x^2 + 7x - 3$

$-3x^2 \quad + 6$

$+ \quad -$

$7x - 9$ ਬਾਕੀ

ਉੱਤਰ : ਭਾਗਫ਼ਲ $x-3$

ਬਾਕੀ $= 7x - 9$

10. ਦੋ ਘਾਤੀ ਬਹੁਪਦ ਪਤਾ ਕਰੋ ਜਿਸ ਦੇ ਸਿਫਰਾਂ ਦਾ ਜੋੜ ਅਤੇ ਗੁਣਨਫਲ $-3$ ਅਤੇ 2 ਹੈ।

ਹੱਲ : ਜਦੋਂ ਸਿਫਰਾਂ $\alpha$ ਅਤੇ $\beta$ ਹੋਣ ਤਾਂ

$\alpha+\beta=-3=\frac{-b}{a}$ ਜੇਕਰ $a=1$ ਤਾਂ $b=3$

$\alpha.\beta=2=\frac{c}{a}$ ਅਤੇ $c=2$ ਹੋਵੇਗਾ।

ਦੋ ਘਾਤੀ ਬਹੁਪਦ $= ax^2+bx+c$

$= x^2+3x+2$ ਉੱਤਰ

11. ਦੋ ਘਾਤੀ ਬਹੁਪਦ $x^2-9$ ਦੀਆਂ ਸਿਫ਼ਰਾਂ ਦਾ ਜੋੜ ਅਤੇ ਗੁਣਨਫਲ ਪਤਾ ਕਰੋ।

ਹੱਲ : $x^2-9$

$=(x)^2-(3)^2$

$=(x+3)(x-3)$

$x+3=0$ ਜਾਂ $x-3=0$

$x=-3$ ਜਾਂ $x=3$

ਸਿਫ਼ਰਾਂ $-3$ ਅਤੇ 3 ਹਨ।

ਸਿਫ਼ਰਾਂ ਦਾ ਜੋੜ $=-3+3=0$

ਸਿਫ਼ਰਾਂ ਦਾ ਗੁਣਾ $-3\times3=-9$ ਉੱਤਰ

12. ਦੋ ਘਾਤੀ ਬਹੁਪਦ ਪਤਾ ਕਰੋ ਜਿਸ ਦੇ ਸਿਫ਼ਰਾਂ ਦੇ ਜੋੜ ਅਤੇ ਗੁਣਨਫਲ ਕ੍ਰਮਵਾਰ 1 ਅਤੇ 1 ਹਨ।

ਹੱਲ : ਜੇਕਰ $\alpha$ ਅਤੇ $\beta$ ਸਿਫਰਾਂ ਹਨ ਤਾਂ

$\alpha+\beta=\frac{-b}{a}=1$ ਜੇਕਰ $a=1$ ਤਾਂ $b=-1$

$\alpha.\beta=\frac{c}{a}=1$ ਅਤੇ $c=1$

ਦੋ ਘਾਤੀ ਬਹੁਪਦ $ax^2+bx+c=x^2-x+1$

13. $x^2+7x-3$ ਦੇ ਸਿਫ਼ਰਾਂ ਦਾ ਜੋੜ ਅਤੇ ਗੁਣਨਫਲ ਪਤਾ ਕਰੋ।

ਹੱਲ : ਸਿਫ਼ਰਾਂ ਦਾ ਜੋੜ $\alpha+\beta=-\frac{x \text{ ਦਾ ਗੁਣਾਂਕ}}{x^2 \text{ ਦਾ ਗੁਣਾਂਕ}}=\frac{-7}{1}$

ਸਿਫ਼ਰਾਂ ਦਾ ਗੁਣਨਫਲ $\alpha.\beta=\frac{\text{ਅਚਲ ਪਦ}}{x^2 \text{ ਦਾ ਗੁਣਾਂਕ}}=\frac{-3}{1}$

14. ਦੋ ਘਾਤੀ ਬਹੁਪਦ $6x^2-7x-3$ ਸਿਫ਼ਰਾਂ ਪਤਾ ਕਰੋ ਅਤੇ ਸਿਫਰਾਂ ਅਤੇ ਗੁਣਾਂਕਾ ਵਿਚਕਾਰ ਸੰਬੰਧ ਦੀ ਜਾਂਚ ਕਰੋ। ਸਿਫ਼ਰਾਂ ਅਤੇ ਗੁਣਾਂਕਾ ਵਿਚਕਾਰ ਸੰਬੰਧਾਂ ਦੀ ਜਾਂਚ

ਹੱਲ : $6x^2-7x-3$

$=6x^2-9x+2x-3$

$=3x(2x-3)+1(2x-3)$ ਜੋੜ $\alpha+\beta=\frac{3}{2}-\frac{1}{3}=\frac{9-2}{6}=\frac{7}{6}$

$= (3x+1)(2x-3)$

$3x+1=0$ ਜਾਂ $2x-3=0$

$3x=-1$ ਜਾਂ $2x=3$

$x=\frac{-1}{3}$ $\quad x=\frac{3}{2}$

ਜੋੜ $=\frac{-b}{a}=\frac{-(-7)}{6}=\frac{7}{6}$

$\alpha.\beta=\frac{3}{2}\times\frac{-1}{3}=\frac{-1}{2}$

$=\frac{c}{a}=\frac{-3}{6}=-\frac{1}{2}$

15. ਹੇਠ ਲਿਖੇ ਕਿਹੜੇ ਵਿਅੰਜਕ ਦੋ ਘਾਤੀ ਬਹੁਪਦ ਹਨ।

(i) $2y^2-3y+4$ (ii) $\frac{1}{x-1}$

(iii) $x^2-4x-\sqrt{2}$ (iv) $\sqrt{3}x+2x^2+1$

ਜੇਕਰ ਵਿਅੰਜਕ ਦੇ ਕਿਸੇ ਪਦ ਦੀ ਘਾਤ 2 ਹੈ ਤਾਂ ਉਹ ਦੋ ਘਾਤੀ ਵਿਅੰਜਕ ਹੈ।

ਉੱਤਰ : (i) (iii) ਅਤੇ (iv) ਦੋ ਘਾਤੀ ਬਹੁਪਦ ਹਨ।

16. ਕੀ $2x-3, 6x^2-7x-3$ ਦਾ ਗੁਣਨਖੰਡ ਹੈ ?

ਹੱਲ :

$$2x-3 \overline{)\,6x^2-7x-3\,(}\ 3x+1$$

$$\begin{array}{r} 6x^2-9x \\ -\quad + \\ \hline 2x-3 \\ 2x-3 \\ -\quad + \\ \hline 0 \end{array}$$ ਬਾਕੀ

ਉੱਤਰ : ਬਾਕੀ ਸਿਫਰ ਹੈ ਇਸ ਲਈ $2x-3, 6x^2-7x-3$ ਦਾ ਗੁਣਨਖੰਡ ਹੈ।

## ਅਧਿਆਇ -3

## ਦੋ ਚਲਾਂ ਵਾਲੇ ਰੇਖੀ ਸਮੀਕਰਣਾਂ ਦੇ ਜੋੜੇ

### (3-3 ਅੰਕਾਂ ਵਾਲੇ ਪ੍ਰਸ਼ਨ)

1. ਸਮੀਕਰਣ $x+y=10$ ਵਿੱਚ, ਜੇਕਰ $x=2$ ਹੋਵੇ ਤਾਂ $y$ ਦਾ ਮੁੱਲ ਪਤਾ ਕਰੋ।

ਹੱਲ : $x+y=10$

$x$ ਦਾ ਮੁੱਲ ਭਰ ਕੇ

$2+y=10$

$y=10-2=8$

ਉੱਤਰ : $y$ ਦਾ ਮੁੱਲ = 8

2. ਸਮੀਕਰਣ $2x+3y=14$ ਵਿੱਚ, ਜੇਕਰ $y=2$ ਹੋਵੇ ਤਾਂ $x$ ਦਾ ਮਾਨ ਪਤਾ ਕਰੋ।

ਹੱਲ : $2x+3y=14$

$y$ ਦਾ ਮੁੱਲ ਭਰ ਕੇ

$2x+3(2)=14$

$2x+6=14$

$2x=14-6=8$

$x=\frac{8}{2}=4$

ਉਤਰ : $x$ ਦਾ ਮਾਨ = 4

3. ਰੇਖੀ ਸਮੀਕਰਣਾਂ ਦੇ ਜੋੜੇ $a_1x+b_1y+c_1=0$ ਅਤੇ $a_2x+b_2y+c_2=0$ ਵਿੱਚ ਚਲਾਂ ਦੇ ਗੁਣਾਕਾਂ ਦੇ ਅਨੁਪਾਤਾਂ ਦੀ ਸਹਾਇਤਾ ਨਾਲ ਦੱਸੋ ਕਿ ਰੇਖੀ ਪ੍ਰਣਾਲੀ ਦਾ ਆਲੇਖੀ ਨਿਰੂਪਣ ਕਿਸ ਤਰ੍ਹਾਂ ਦਾ ਹੋਵੇਗਾ ?

ਹੱਲ : (i) ਜੇਕਰ $\frac{a_1}{a_2}\neq\frac{b_1}{b_2}$ ਤਾਂ ਗ੍ਰਾਫ ਕਾਟਵੀਆਂ ਰੇਖਾਵਾਂ ਹਨ।

(ii) ਜੇਕਰ $\frac{a_1}{a_2}=\frac{b_1}{b_2}=\frac{c_1}{c_2}$ ਤਾਂ ਗ੍ਰਾਫ ਸੰਪਾਤੀ ਰੇਖਾਵਾਂ ਹਨ।

(iii) ਜੇਕਰ $\frac{a_1}{a_2}=\frac{b_1}{b_2}\neq\frac{c_1}{c_2}$ ਤਾਂ ਗ੍ਰਾਫ ਸਮਾਂਤਰ ਰੇਖਾਵਾਂ ਹਨ। ਉੱਤਰ

4. ਰੇਖੀ ਸਮੀਕਰਣਾਂ ਦੇ ਜੋੜੇ $a_1x+b_1y+c_1=0$ ਅਤੇ $a_2x+b_2y+c_2=0$ ਵਿੱਚ ਚਲਾਂ ਦੇ ਗੁਣਾਕਾਂ ਦੇ ਅਨੁਪਾਤਾਂ ਰਾਹੀਂ ਦੱਸੋ ਕਿ ਰੇਖੀ ਪ੍ਰਣਾਲੀ ਦਾ ਬੀਜ ਗਣਿਤ ਨਿਰੂਪਣ ਹੱਲ ਕੀ ਹੋਵੇਗਾ।

ਹੱਲ : (i) ਜੇਕਰ $\frac{a_1}{a_2}\neq\frac{b_1}{b_2}$ ਤਾਂ ਵਿਲੱਖਣ ਹੱਲ

(ii) $\frac{a_1}{a_2}=\frac{b_1}{b_2}=\frac{c_1}{c_2}$ ਤਾਂ ਅਨੇਕ ਹੱਲ

(iii) $\frac{a_1}{a_2}=\frac{b_1}{b_2}\neq\frac{c_1}{c_2}$ ਤਾਂ ਕੋਈ ਹੱਲ ਨਹੀਂ ਉੱਤਰ

5. $5x+7y+12=0$ ਅਤੇ $4x+8y+5=0$ ਵਿੱਚ $a_1,a_2,b_1,b_2,c_1,c_2$ ਦੇ ਮੁੱਲ ਲਿਖੋ।

ਹੱਲ : $a_1=5$ ਅਤੇ $a_2=4$

$b_1=7$ $b_2=8$

$c_1=12$ $c_2=5$

6. $2x+3y=8$ ਅਤੇ $4x+6y=9$ ਵਿੱਚ $a_1,a_2,b_1,b_2,c_1,c_2$ ਦੇ ਮੁੱਲ ਲਿਖੋ।

ਹੱਲ : $a_1=2$ ਅਤੇ $a_2=4$

$b_1=3$ $b_2=6$

$c_1=8$ $c_2=9$

7. ਰੇਖੀ ਸਮੀਕਰਣ ਪ੍ਰਣਾਲੀ $5x+4y+8=0$ ਅਤੇ $7x+6y+9=0$ ਦਾ ਵਿਲੱਖਣ ਹੱਲ ਹੈ ਜਾਂ ਨਹੀਂ ?

ਹੱਲ : $\frac{a_1}{a_2}=\frac{5}{7}$, $\frac{b_1}{b_2}=\frac{4}{6}$ ਅਤੇ $\frac{c_1}{c_2}=\frac{8}{9}$

ਕਿਉਂਕਿ $\frac{a_1}{a_2}\neq\frac{b_1}{b_2}$ ਇਸ ਲਈ ਸਮੀਕਰਣ ਜੋੜੇ ਦਾ ਵਿਲੱਖਣ ਹੱਲ ਹੈ।

8. ਸਮੀਕਰਣ ਜੋੜੇ $2x+3y+9=0$ ਅਤੇ $4x+6y+18=0$ ਦਾ ਅਲੇਖੀ ਨਿਰੂਪਣ ਸੰਪਾਤੀ ਰੇਖਾਵਾਂ ਹਨ ਜਾਂ ਨਹੀਂ ?

ਹੱਲ : $\frac{a_1}{a_2}=\frac{2}{4}=\frac{1}{2}$

$\frac{b_1}{b_2}=\frac{3}{6}=\frac{1}{2}$

$\frac{c_1}{c_2}=\frac{9}{18}=\frac{1}{2}$

ਜਿਵੇਂ ਕਿ $\frac{a_1}{a_2}=\frac{b_1}{b_2}=\frac{c_1}{c_2}$ ਇਸ ਲਈ ਆਲੇਖੀ ਨਿਰੂਪਣ ਸੰਪਾਤੀ ਰੇਖਾਵਾਂ

9. ਦਿੱਤੇ ਗ੍ਰਾਫ ਵਿੱਚ ਬਿੰਦੂਆਂ A, B ਅਤੇ C ਦੇ ਨਿਰਦੇਸ਼ ਅੰਕ ਪਤਾ ਕਰੋ।




ਹੱਲ :

A (2,3)

C (-3,4)

B (-2,-3)

**(4 – 4 ਅੰਕਾਂ ਵਾਲੇ ਪ੍ਰਸ਼ਨ)**

10. ਸਮੀਕਰਣ ਜੋੜੇ $x+y=5$ ਅਤੇ $x-y=15$ ਨੂੰ ਹੱਲ ਕਰੋ ਅਤੇ $x, y$ ਦੇ ਮਾਨ ਪ੍ਰਾਪਤ ਕਰੋ।

ਹੱਲ : $x+y=5$

ਜੋੜੋ $x-y=15$

$2x=20$

$x=\frac{20}{2}=10$

$x=10$

$x+y=5$

$10+y=5$ ( $x$ ਦਾ ਮੁੱਲ ਭਰਕੇ)

$y=5-10$

$y=-5$

ਉੱਤਰ : $x=10$ ਅਤੇ $y=-5$

11. ਰੇਖੀ ਸਮੀਕਰਣਾਂ ਦੇ ਜੋੜੇ $x+3y=6$ ਅਤੇ $2x-3y=12$ ਨੂੰ ਹੱਲ ਕਰੋ ।

ਹੱਲ : $x+3y=6$

$2x-3y=12$

$3x\quad =18$

$x=\frac{18}{3}=6$

$x+3y=6$

$6+3y=6$ ($x$ ਦਾ ਮੁੱਲ ਭਰਕੇ)

$3y=6-6=0$

$y=\frac{0}{3}=0$

$y=0$ ਉੱਤਰ : $x=6$ ਅਤੇ $y=0$

12. ਸਮੀਕਰਣ ਜੋੜੇ $5x+6y+7=0$ ਅਤੇ $7x+12y+8=0$ ਦੇ ਅਲੇਖ ਵਿੱਚ ਰੇਖਾਵਾਂ, ਕਾਟਵੀਆਂ ਹਨ, ਸਮਾਂਤਰ ਹਨ ਜਾਂ ਸੰਪਾਤੀ ਹਨ, ਗੁਣਾਂਕ ਤੁਲਨਾ ਕਰਕੇ ਪਤਾ ਕਰੋ।

ਹੱਲ : $5x+6y+7=0$

$7x+12y+8=0$

$\frac{a_1}{a_2}=\frac{5}{7},\quad \frac{b_1}{b_2}=\frac{6}{12}=\frac{1}{2},\quad \frac{c_1}{c_2}=\frac{7}{8}$

$\frac{a_1}{a_2}\neq\frac{b_1}{b_2}$

$\therefore$ ਪ੍ਰਣਾਲੀ ਦਾ ਵਿਲੱਖਣ ਹੱਲ ਹੈ ਅਤੇ ਗ੍ਰਾਫ ਕਾਟਵੀਆਂ ਰੇਖਾਵਾਂ ਹਨ। ਕਾਟ ਬਿੰਦੂ ਦੇ ਨਿਰਦੇਸ਼ ਅੰਕ ਸਮੀਕਰਣ ਪ੍ਰਣਾਲੀ ਦੇ ਹੱਲ ਹਨ।

13. 5 ਪੈਨਸਿਲਾਂ ਅਤੇ 7 ਕਲਮਾਂ ਦਾ ਕੁੱਲ ਮੁੱਲ ₹ 50 ਹੈ ਜਦ ਕਿ 7 ਪੈਨਸਿਲਾਂ ਅਤੇ 5 ਕਲਮਾਂ ਦਾ ਮੁੱਲ ₹ 46 ਹੈ ਇੱਕ ਪੈਨਸਿਲ ਅਤੇ ਇੱਕ ਕਲਮ ਦਾ ਮੁੱਲ ਪਤਾ ਕਰੋ।

ਹੱਲ : ਮੰਨ ਲਉ ਇੱਕ ਪੈਨਸਿਲ ਦਾ ਮੁੱਲ = ₹ $x$

ਇੱਕ ਕਲਮ ਦਾ ਮੁੱਲ = ₹ $y$

$\therefore (5x+7y=50)\times 7$

$(7x+5y=46)\times 5$

$35x+49y=350$

$35x+25y=230$

$-\quad -\quad -$

$24y=120$

$\therefore \quad y = \frac{120}{24} = 5$

$y = 5$ ਮੁੱਲ ਦਾ ਸਮੀਕਰਨ $5x + 7y = 50$ ਵਿੱਚ ਭਰ ਕੇ

$5x + 7(5) = 50$

$5x = 50 - 35$

$5x = 15$

$x = \frac{15}{5} = 3$

$\therefore$ ਇੱਕ ਪੈਨਸਿਲ ਦਾ ਮੁੱਲ = ₹ 3

ਇੱਕ ਕਲਮ ਦਾ ਮੁੱਲ = ₹ 5

14. 5 ਸੰਗਤਰੇ ਅਤੇ 3 ਸੇਬਾਂ ਦਾ ਮੁੱਲ ₹35 ਹੈ ਅਤੇ 2 ਸੰਗਤਰੇ ਅਤੇ 4 ਸੇਬਾਂ ਦਾ ਮੁੱਲ ₹ 28 ਹੈ। ਇੱਕ ਸੰਗਤਰੇ ਅਤੇ ਇੱਕ ਸੇਬ ਦਾ ਮੁੱਲ ਦੱਸੋ ?

ਹੱਲ : ਸਮੀਕਰਣ ਬਣਦੇ ਹਨ :

$5x + 3y = 35)] \times 2$

$2x + 4y = 28)] \times 5$

$10x + 6y = 70$

$10x + 20y = 140$

ਘਟਾਓ $- \quad - \quad -$

$\not- 14y = \not- 70$

$y = \frac{70}{14} = 5$

$5x + 3y = 35$

$5x + 3(5) = 35$ ( $y$ ਦਾ ਮੁੱਲ ਭਰਕੇ)

$5x + 15 = 35$

$5x = 35 - 15 = 20$

$x = \frac{20}{5} = 4$

$\therefore$ ਇੱਕ ਸੰਗਤਰੇ ਦਾ ਮੁੱਲ = ₹4

ਇੱਕ ਸੇਬ ਦਾ ਮੁੱਲ = ₹5 ਉੱਤਰ

14. P ਦੇ ਕਿਹੜੇ ਮੁੱਲ ਲਈ ਸਮੀਕਰਣ ਜੋੜੇ ਦਾ ਇੱਕ ਵਿਲੱਖਣ ਹੱਲ ਹੈ ? $4x + py + 8 = 0$ ਅਤੇ

$2x + 2y + 2 = 0$

ਹੱਲ : $\frac{a_1}{a_2} = \frac{4}{2} = \frac{2}{1}$, $\frac{b_1}{b_2} = \frac{p}{2}$, $\frac{c_1}{c_2} = \frac{8}{2} = \frac{4}{1}$

ਵਿਲੱਖਣ ਹੱਲ ਲਈ : $\frac{a_1}{a_2} \neq \frac{b_1}{b_2}$

$$\frac{2}{1} \neq \frac{p}{2}$$

$$p \neq 4$$

ਉੱਤਰ P ਦਾ ਮੁੱਲ $P \neq 4$

15. ਦੋ ਸੰਖਿਆਵਾਂ ਦਾ ਅੰਤਰ 26 ਹੈ ਅਤੇ ਇੱਕ ਸੰਖਿਆ ਦੂਜੀ ਸੰਖਿਆ ਦੀ ਤਿੰਨ ਗੁਣਾ ਹੈ। ਸੰਖਿਆ ਪਤਾ ਕਰੋ।

ਹੱਲ : ਮੰਨ ਲਓ ਪਹਿਲੀ ਸੰਖਿਆ $= x$

ਦੂਜੀ ਸੰਖਿਆ $= y$

ਸ਼ਰਤਾਂ ਅਨੁਸਾਰ : $x - y = 26 ----(i)$

ਅਤੇ $x = 3y ----(ii)$

$x$ ਦਾ ਮੁੱਲ $(i)$ ਵਿੱਚ ਭਰੋ

$3y - y = 26$

$2y = 26$

$y = \frac{26}{2} = 13$

ਸਮੀਕਰਣ $x - y = 26$ ਵਿੱਚ $y$ ਦਾ ਮੁੱਲ ਭਰਨ 'ਤੇ

$x - 13 = 26$

$x = 26 + 13 = 39$

ਉੱਤਰ [ ਪਹਿਲੀ ਸੰਖਿਆ = 39
ਦੂਜੀ ਸੰਖਿਆ = 13

16. **ਸਮੀਕਰਣਾਂ ਦੇ ਜੋੜੇ** $x + 2y - 4 = 0$ **ਅਤੇ** $2x + 4y - 12 = 0$

ਨੂੰ ਅਲੇਖੀ ਵਿਧੀ ਰਾਹੀਂ ਹੱਲ ਕਰੋ।

ਹੱਲ : $x + 2y - 4 = 0$

| | A | B |
|---|---|---|
| $x$ | 0 | 4 |
| $y$ | 2 | 0 |

$2x + 4y - 12 = 0$

| | C | D |
|---|---|---|
| $x$ | 0 | 6 |
| $y$ | 3 | 0 |




ਗ੍ਰਾਫ ਸਮਾਂਤਰ ਰੇਖਾਵਾਂ ਹਨ

$\therefore$ ਰੇਖੀ ਸਮੀਕਰਣ ਪ੍ਰਣਾਲੀ ਦਾ ਕੋਈ ਹੱਲ ਨਹੀਂ

## ਅਧਿਆਇ -4

## ਦੋ ਘਾਤੀ ਸਮੀਕਰਣ

### (3-3 ਅੰਕਾਂ ਵਾਲੇ ਪ੍ਰਸ਼ਨ)

1. (i) ਦੋ ਘਾਤੀ ਸਮੀਕਰਣ ਦਾ ਮਿਆਰੀ ਰੂਪ ਲਿਖੋ।

(ii) ਦੋ ਘਾਤੀ ਸਮੀਕਰਣ ਲਈ 'D' ਦਾ ਸੂਤਰ ਲਿਖੋ।

ਹੱਲ (i) $ax^2+bx+c=0$ ਜਿੱਥੇ $a \neq 0$

(ii) $D=b^2-4ac$

2. ਕੀ $(x+1)^2=7$ ਦੋ ਘਾਤੀ ਸਮੀਕਰਣ ਹੈ ?

ਹੱਲ : $(x+1)^2=7$

$x^2+2x+1=7$

$x^2+2x+1-7=0$

$x^2+2x-6=0$

$x$ ਦੀ ਸਭ ਤੋਂ ਵੱਡੀ ਘਾਤ $=$ 2

$\therefore (x+1)^2=7$ ਦੋ ਘਾਤੀ ਸਮੀਕਰਣ ਹੈ।

3. ਕੀ $x^2-2x=-x(3-x)$ ਦੋ ਘਾਤੀ ਸਮੀਕਰਣ ਹੈ ?

ਹੱਲ : $x^2-2x=-x(3-x)$

$x^2-2x=-3x+x^2$

$x^2-2x+3x-x^2=0$

$x=0$

$x$ ਦੀ ਸਭ ਤੋਂ ਵੱਡੀ ਘਾਤ $=1$

ਉੱਤਰ : $x^2-2x=-x(3-x)$ ਦੋ ਘਾਤੀ ਸਮੀਕਰਣ ਨਹੀਂ ਹੈ।

4. $x^2-3x-10=0$ ਗੁਣਨਖੰਡ ਵਿਧੀ ਰਾਹੀਂ ਦੋ ਘਾਤੀ ਸਮੀਕਰਣ ਦੇ ਮੂਲ ਪਤਾ ਕਰੋ।

ਹੱਲ : $x^2-3x-10=0$

$x^2-5x+2x-10=0$

$x(x-5)+2(x-5)=0$

$(x-5)(x+2)=0$

$(x-5)$ ਜਾਂ $(x+2)=0$

$(x-5)$ ਜਾਂ $x=-2$

$x=5,-2$

ਉੱਤਰ : ਦੋ ਘਾਤੀ ਸਮੀਕਰਣ $x^2-3x-10=0$ ਦੇ ਮੂਲ 5 ਅਤੇ −2 ਹਨ।

5. ਦੋ ਘਾਤੀ $x^2+5x+2=0$ ਸਮੀਕਰਣ ਦਾ ਡਿਸਕ੍ਰਿਮੀਨੈਂਟ ਪਤਾ ਕਰੋ।

ਹੱਲ : $x^2+5x+2=0$

$ax^2+bx+c=0$ ਮਿਆਰੀ ਰੂਪ

$\therefore a=1, b=5, c=2$

$D=b^2-4ac$

$=(5)^2-4(1)(2)$

$=25-8=17$

ਉੱਤਰ : D = 17

6. $ax^2+bx+c=0$ ਦੇ ਮੂਲਾਂ ਦੀ ਪ੍ਰਕ੍ਰਿਤੀ ਸੰਬੰਧੀ ਸ਼ਰਤਾਂ ਲਿਖੋ।

ਹੱਲ : ਦੋ ਘਾਤੀ ਸਮੀਕਰਣ ਲਈ

$ax^2+bx+c=0$

$D=b^2-4ac$

(1) ਜੇਕਰ $b^2-4ac>0$ ਹੋਵੇ ਤਾਂ ਦੋ ਭਿੰਨ ਭਿੰਨ ਵਾਸਤਵਿਕ ਮੂਲ ਹੁੰਦੇ ਹਨ।

(2) ਜੇਕਰ $b^2-4ac=0$ ਹੋਵੇ ਤਾਂ ਦੋ ਬਰਾਬਰ ਵਾਸਤਵਿਕ ਮੂਲ ਹੁੰਦੇ ਹਨ।

(3) ਜੇਕਰ $b^2-4ac<0$ ਹੋਵੇ ਤਾਂ ਕੋਈ ਵਾਸਤਵਿਕ ਮੂਲ ਨਹੀਂ ਹੁੰਦਾ।

7. ਕੀ ਦੋ ਘਾਤੀ ਸਮੀਕਰਣ $x^2-2x+1=0$ ਦੇ ਮੂਲ ਬਰਾਬਰ ਹਨ ?

ਹੱਲ : $x^2-2x+1=0$

$ax^2+bx+c=0$

$a=1, b=-2, c=1$

$D=b^2-4ac$

$=(-2)^2-4(1)(1)$

$=4-4=0$

$D=0$ $\therefore$ਮੂਲ ਵਾਸਤਵਿਕ ਅਤੇ ਬਰਾਬਰ ਹਨ। ਉੱਤਰ

8. ਕੀ $y^2-11y+30=0$ ਦੋ ਘਾਤੀ ਸਮੀਕਰਣ ਦੇ ਮੂਲ ਵਾਸਤਵਿਕ ਹਨ ?

ਹੱਲ : $y^2-11y+30=0$

$ay^2+by+c=0$

$a=1, b=-11, c=30$

$D=b^2-4ac$

$=(-11)^2-4(1)(30)$

$=121-120=1$

ਕਿਉਂਕਿ $D>0$

$\therefore$ ਮੂਲ ਵਾਸਤਵਿਕ ਹਨ। ਉੱਤਰ

## (4 ਅੰਕਾਂ ਵਾਲੇ ਪ੍ਰਸ਼ਨ)

9. ਕੀ ਦੋ ਘਾਤੀ ਸਮੀਕਰਣ $2x^2-7x+3=0$ ਦੇ ਮੂਲ ਸੰਭਵ ਹਨ ?

ਹੱਲ: $2x^2-7x+3=0$

$ax^2+bx+c=0$

$a=2, b=-7, c=3$

$D=b^2-4ac$

$=(-7)^2-4(2)(3)$

$=49-24=25$

$D>0$ $\therefore$ ਮੂਲ ਵਾਸਤਵਿਕ ਹਨ ਇਸ ਲਈ ਮੂਲ ਸੰਭਵ ਹਨ। ਉੱਤਰ

10. $(x-2)^2=0$ ਮੂਲਾਂ ਦੀ ਪ੍ਰਕਿਤੀ ਦੱਸੋ ਅਤੇ ਮੂਲ ਪਤਾ ਕਰੋ।

ਹੱਲ : $(x-2)^2=x^2 4x+4=0$

$D=b^2-4ac$

$=(-4)^2-4(1)(4)$

$16-16=0$

$D=0$

ਮੂਲ ਵਾਸਤਵਿਕ ਅਤੇ ਬਰਾਬਰ ਹਨ।

$(x-2)^2=0$

$(x-2)(x-2)=0$

$x-2=0$ ਜਾਂ $x-2=0$

$x=2$ ਜਾਂ $x=2$

$x=2,2$

ਉੱਤਰ ਮੂਲ 2, 2 ਹਨ।

11. ਸਮੀਕਰਣ $3x^2-5x+2=0$ ਲਈ ਦੋ ਘਾਤੀ ਸੂਤਰ ਦਾ ਪ੍ਰਯੋਗ ਕਰਕੇ ਮੂਲ ਪਤਾ ਕਰੋ।

ਹੱਲ : $3x^2-5x+2=0$

$ax^2+bx+c=0$

$a=3, b=-5, c=2$

$D=b^2-4ac$

$=(-5)^2-4(3)(2)$

$=25-24=1$

$$x=\frac{-b\pm\sqrt{b^2-4ac}}{2a}$$

$$=\frac{-(-5)\pm\sqrt{1}}{2(3)}$$

$= \frac{5 \pm 1}{6}$

$x = \frac{5+1}{6} = \frac{6}{6} = 1$

$x = \frac{5-1}{6} = \frac{4}{6} = \frac{2}{3}$

ਇਸ ਲਈ ਮੁੱਲ 1 ਅਤੇ $\frac{2}{3}$ ਹਨ। ਉੱਤਰ $x = 1, \frac{2}{3}$

12. ਦੋ ਘਾਤੀ ਸਮੀਕਰਣ $x^2 - 2x - 8 = 0$ ਦਾ ਮੂਲ ਪਤਰੋ।

ਹੱਲ : $x^2 - 2x - 8 = 0$

$a = 1, b = -2, c = -8$

$D = (b)^2 - 4ac$

$= (-2)^2 - 4(1)(-8)$

$= 4 + 32 = 36$

$x = \frac{-b \pm \sqrt{D}}{2a} = \frac{2 \pm \sqrt{36}}{2 \times 1} = \frac{2 \pm 6}{2}$

$x = \frac{2+6}{2} = \frac{8}{2} = 4$

$x = \frac{2-6}{2} = \frac{-4}{2} = -2$

ਉੱਤਰ : ਦੋ ਘਾਧੀ ਸਮੀਕਰਣ $x^2 + 2x - 8 = 0$ ਦੇ ਮੂਲ 4 ਅਤੇ −2 ਹਨ।

13. ਦੋ ਘਾਤੀ ਸਮੀਕਰਣ $2x^2 + x - 6 = 0$ ਦੇ ਮੂਲ ਸੰਭਵ ਹੋਣ ਤਾਂ ਪਤਾ ਕਰੋ।

ਹੱਲ : $2x^2 + x - 6 = 0$

$a = 2, b = 1, c = -6$

$D = b^2 - 4ac$

$= (1)^2 - 4(2)(-6)$

$= 1 + 48 = 49$ ਕਿਉਂਕਿ $D > 0$ $\therefore$ ਮੂਲ ਸੰਭਵ ਹਨ।

$x = \frac{-b \pm \sqrt{D}}{2a} = \frac{-1 \pm \sqrt{49}}{2(2)} = \frac{-1 \pm 7}{4}$

$x = \frac{-1+7}{4} = \frac{6}{4} = \frac{3}{2}$

$x = \frac{-1-7}{4} = \frac{-8}{4} = -2$ ਉੱਤਰ : ਮੂਲ $\frac{3}{2}$ ਅਤੇ $-2$ ਹਨ

14. ਦੋ ਲਗਾਤਾਰ ਟਾਂਕ ਧਨਾਤਮਕ ਸੰਪੂਰਨ ਸੰਖਿਆਵਾਂ ਪਤਾ ਕਰੋ ਜਿਨ੍ਹਾਂ ਦੇ ਵਰਗਾਂ ਦਾ ਜੋੜ 290 ਹੋਵੇ।

ਹੱਲ : ਮੰਨ ਲਉ ਦੋ ਟਾਂਕ ਲਗਾਤਾਰ ਸੰਪੂਰਨ ਸੰਖਿਆਵਾਂ $x$ ਅਤੇ $x+2$ ਹਨ

ਸ਼ਰਤ ਅਨੁਸਾਰ : ਪਹਿਲੀ ਸੰਖਿਆ $= 11$

$(x)^2 + (x+2)^2 = 290$ ਦੂਜੀ ਸੰਖਿਆ $= 11+2=13$

$x^2 + x^2 + 4x + 4 = 290$

$2x^2 + 4x + 4 - 290 = 0$

$2x^2 + 4x - 286 = 0$

$2(x^2 + 2x - 143) = 0$

$2 \neq 0$

$\therefore x^2 + 2x - 143 = 0$

$x^2 + 13x - 11x - 143 = 0$

$x(x-13) - 11(x+13) = 0$

$(x+13)(x-11) = 0$

$x+13=0$ ਜਾਂ $x-11=0$

$x=-13$ $\quad x=11$

$x=-13$ ਰੱਦ (ਸੰਖਿਆਵਾਂ ਧਨਾਤਮਕ ਸੰਪੂਰਨ ਹਨ)

